# ਸਾਲਾਨਾ ਰਿਪੋਰਟ 2017-18

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਸਤਿਕਾਰਤ **ਭਾਈ ਗੋਬਿੰਦ ਸਿੰਘ ਜੀ ਲੌਂਗੋਵਾਲ, ਸ. ਸੁਰਜੀਤ ਸਿੰਘ ਜੀ ਰੱਖੜਾ,** ਸਿੱਖਿਆ ਦੇ ਖ਼ੇਤਰ ਨਾਲ ਜੁੜੀਆਂ ਹੋਈਆਂ ਇਲਾਕੇ ਦੀਆਂ ਮੁਅੱਜ਼ਜ਼ ਸ਼ਖ਼ਸ਼ੀਅਤਾਂ, ਅਫ਼ਸਰ ਸਾਹਿਬਾਨ, ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ, ਅਧਿਆਪਕ ਸਾਹਿਬਾਨ, ਸਾਬਕਾ ਸਟਾਫ਼ ਮੈਂਬਰ ਸਾਹਿਬਾਨ, ਪ੍ਰੈੱਸ ਮੈਂਬਰ ਸਾਹਿਬਾਨ ਅਤੇ ਇਨਾਮ ਹਾਸਿਲ ਕਰਨ ਵਾਲੇ ਪਿਆਰੇ ਵਿਦਿਆਰਥੀਓ, ਮੈਂ, ਕਾਲਜ ਦੀ ਪ੍ਰਬੰਧਕ ਕਮੇਟੀ, ਕਾਲਜ ਦੇ ਸਟਾਫ਼ ਮੈਂਬਰਜ਼ ਅਤੇ ਆਪਣੇ ਵੱਲੋਂ, ਆਪ ਸਭ ਜੀ ਦਾ, ਕਾਲਜ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਮੌਕੇ, ਕਾਲਜ ਵਿਚ ਆਉਣ 'ਤੇ ਨਿੱਘਾ ਸੁਆਗਤ ਕਰਦਾ ਹਾਂ।

**ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ, ਪਟਿਆਲਾ** ਵਾਸਤੇ ਇਹ ਬੜੇ ਹੀ ਫ਼ਖ਼ਰ ਵਾਲੀ ਗੱਲ ਹੈ ਕਿ ਸਿੱਖ ਕੌਮ ਦੇ ਰੂਹ-ਏ-ਰਵਾਂ, ਸੇਵਾ ਦੇ ਪੁੰਜ, ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਦੇ ਧਾਰਨੀ, ਕਰਮ ਅਤੇ ਧਰਮ ਦੇ ਮੁਜੱਸਮੇ ਅਤੇ ਸਿਰਮੌਰ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਪ੍ਰਧਾਨ **ਭਾਈ ਗੋਬਿੰਦ ਸਿੰਘ ਜੀ ਲੋਗੋਂਵਾਲ** ਸਾਡੇ ਦਰਮਿਆਨ ਬਤੌਰ ਮੁੱਖ ਮਹਿਮਾਨ, ਸਾਡੇ ਵਿਦਿਆਰਥੀਆਂ ਨੂੰ ਆਪਣੇ ਕਰ-ਕਮਲਾਂ ਨਾਲ ਇਨਾਮ ਪ੍ਰਦਾਨ ਕਰਨ ਵਾਸਤੇ, ਆਏ ਹਨ। ਮਿਤੀ 18 ਅਕਤੂਬਰ, 1956 ਨੂੰ **ਮਾਤਾ ਸੰਤ ਕੌਰ ਅਤੇ ਪਿਤਾ ਸ. ਪੋਹਲਾ ਸਿੰਘ** ਦੇ ਘਰ, ਪਿੰਡ ਲੌਂਗੋਵਾਲ ਵਿਖੇ ਜਨਮੇ, ਭਾਈ ਗੋਬਿੰਦ ਸਿੰਘ ਜੀ ਲੌਂਗੋਵਾਲ ਨੂੰ ਸਿੱਖੀ ਸਿੱਧਾਂਤਾਂ ਪ੍ਰਤੀ ਪ੍ਰਪੱਕਤਾ ਅਤੇ ਸਮਾਜ ਸੇਵਾ ਵਿਰਸੇ ਵਿਚ ਮਿਲੀ। ਆਪ **ਚਾਰ ਵਾਰ ਵਿਧਾਇਕ, ਮਾਰਕਫੈੱਡ ਦੇ ਚੇਅਰਮੈਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ** ਵਜੋਂ ਸੇਵਾ ਨਿਭਾ ਚੁੱਕੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣਨ ਤੋਂ ਬਾਅਦ ਆਪ ਜੀ ਦੀ ਪ੍ਰਾਥਮਿਕਤਾ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਰਾਹੀਂ ਸਮਾਜਿਕ ਬੁਰਾਈਆਂ ਨੂੰ ਦੂਰ ਕਰਨਾ ਹੈ।

**ਖ਼ਾਲਸਾ ਕਾਲਜ, ਪਟਿਆਲਾ** ਵਾਸਤੇ ਇਹ ਵੀ ਬੜੇ ਮਾਣ ਵਾਲੀ ਗੱਲ ਹੈ ਕਿ ਅਕਾਲੀ ਸਿਆਸਤ ਨਾਲ ਜੁੜੀ ਅਹਿਮ ਸਖ਼ਸ਼ੀਅਤ **ਸ. ਸੁਰਜੀਤ ਸਿੰਘ ਜੀ ਰੱਖੜਾ** ਸਾਬਕਾ ਮੰਤਰੀ ਪੰਜਾਬ ਸਰਕਾਰ ਅੱਜ ਇਸ ਸਾਲਾਨਾ ਇਨਾਮ ਵੰਡ ਸਮਾਰੋਹ ਦੌਰਾਨ ਸਾਡੇ ਦਰਮਿਆਨ ਤਸ਼ਰੀਫ਼ ਲਿਆਏ ਹਨ। **ਸੂਬੇਦਾਰ ਕਰਤਾਰ ਸਿੰਘ ਧਾਲੀਵਾਲ ਅਤੇ ਮਾਤਾ ਜਸਵੰਤ ਕੌਰ** ਜੀ ਦੇ ਘਰ ਜਨਮੇ ਸ. ਸੁਰਜੀਤ ਸਿੰਘ ਜੀ ਰੱਖੜਾ ਬਹੁਤ ਹੀ ਸੁਘੜ ਅਤੇ ਦੂਰ ਅੰਦੇਸ਼ ਨੇਤਾ ਹਨ। ਆਪ **ਦੋ ਵਾਰ ਸਮਾਣਾ ਹਲਕੇ ਦੇ ਵਿਧਾਇਕ** ਚੁਣੇ ਗਏ ਅਤੇ **ਪਟਿਆਲਾ ਜ਼ਿਲ੍ਹੇ ਦੇ ਪਲੈਨਿੰਗ ਬੋਰਡ ਦੇ ਚੇਅਰਮੈਨ** ਵੀ ਬਣੇ। ਮੌਜੂਦਾ ਸਮੇਂ ਦੌਰਾਨ ਆਪ **ਜ਼ਿਲ੍ਹਾ ਪਟਿਆਲਾ ਅਕਾਲੀ ਦਲ ਦੀ ਇਕਾਈ ਦੇ ਪ੍ਰਧਾਨ ਅਤੇ ਖ਼ਾਲਸਾ ਕਾਲਜ ਪਟਿਆਲਾ ਦੀ ਗਵਰਨਿੰਗ ਬਾਡੀ ਦੇ ਆਨਰੇਰੀ ਸਕੱਤਰ** ਵਜੋਂ ਸੇਵਾ ਨਿਭਾ ਰਹੇ ਹਨ।

ਆਪਣੀ ਸਥਾਪਤੀ ਦੇ 58 ਵਰ੍ਹੇ ਪੂਰੇ ਕਰ ਰਹੇ ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ, ਪਟਿਆਲਾ ਦਾ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਵਿਚ ਅਹਿਮ ਸਥਾਨ ਹੈ। ਮੌਜੂਦਾ ਸਮੇਂ ਦੌਰਾਨ **6670 ਦੇ ਕਰੀਬ ਵਿਦਿਆਰਥੀਆਂ** ਦੀ ਗਿਣਤੀ ਵਾਲੇ ਇਸ ਕਾਲਜ ਵਿਚ ਸਾਇੰਸ, ਕਾਮਰਸ, ਮੈਨੇਜਮੈਂਟ, ਕੰਪਿਊਟਰ ਅਤੇ ਆਰਟਸ ਵਿਸ਼ਿਆਂ ਦੇ **ਗ੍ਰੇਜੂਏਟ, ਪੋਸਟ ਗ੍ਰੇਜੂਏਟ ਅਤੇ ਉੱਚ ਸਿੱਖਿਆ ਕੋਰਸਾਂ** ਤੋਂ ਇਲਾਵਾ ਕਮਿਊਨਿਟੀ ਕਾਲਜ ਅਧੀਨ **ਪੇਸ਼ਾਵਰ ਕਿੱਤਿਆਂ** ਨਾਲ ਸਬੰਧਿਤ ਕੋਰਸ ਅਤੇ ਕਈ **ਕਿੱਤਾ ਮੁਖੀ ਕੋਰਸਾਂ** ਨਾਲ ਸਬੰਧਿਤ ਅਜਿਹੇ ਕੋਰਸ ਵੀ ਕਰਵਾਏ ਜਾ ਰਹੇ ਹਨ, ਜੋ ਮੌਜੂਦਾ ਸਮੇਂ ਦੀ ਮੰਗ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿਦਿਅਕ ਸੰਸਥਾਵਾਂ ਵਿਚ ਮੋਹਰੀ ਸਥਾਨ ਹਾਸਲ ਕਰ ਚੁੱਕੇ ਖ਼ਾਲਸਾ ਕਾਲਜ, ਪਟਿਆਲਾ ਦਾ **ਇਤਿਹਾਸ ਬਹੁਤ ਹੀ ਗੌਰਵਸ਼ਾਲੀ** ਹੈ। ਸ੍ਰੀ ਗੁਰੂ ਸਿੰਘ ਸਭਾ ਪਟਿਆਲਾ ਅਤੇ ਇਸ ਨਾਲ ਜੁੜੀਆਂ ਪਟਿਆਲਾ ਸ਼ਹਿਰ ਦੀਆਂ ਸੂਝਵਾਨ, ਅਕਾਦਮਿਕ ਸੋਚ ਵਾਲੀਆਂ, ਸਤਿਕਾਰਯੋਗ ਅਤੇ ਮਹਾਨ ਸ਼ਖ਼ਸੀਅਤਾਂ ਦੇ ਉੱਦਮ ਅਤੇ ਯਤਨਾਂ ਸਦਕਾ ਇਕ ਕਾਊਂਸਲ ਅਤੇ ਪ੍ਰਬੰਧਕੀ ਕਮੇਟੀ ਬਣਾ ਕੇ ਮਿਤੀ **18 ਜੁਲਾਈ 1960** ਨੂੰ ਖ਼ਾਲਸਾ ਕਾਲਜ, ਪਟਿਆਲਾ ਦਾ **ਪਹਿਲਾ ਸੈਸ਼ਨ ਆਰੰਭ** ਕੀਤਾ ਗਿਆ। ਖ਼ਾਲਸਾ ਕਾਲਜ, ਪਟਿਆਲਾ ਨੂੰ ਆਰੰਭ ਕਰਨ ਵਿਚ-ਪਟਿਆਲਾ ਸ਼ਹਿਰ ਦੇ ਮਸ਼ਹੂਰ ਚੈਸਟ ਸਪੈਸ਼ਲਿਸਟ, ਸਮਾਜ ਸੇਵਕ ਅਤੇ ਭਾਰਤ ਦੇ ਰਾਸ਼ਟਰਪਤੀ ਦੁਆਰਾ ਪਦਮ ਸ੍ਰੀ ਅਵਾਰਡ ਨਾਲ ਸਨਮਾਨਿਤ **ਡਾ. ਖੁਸ਼ਦੇਵਾ ਸਿੰਘ** ਅਤੇ ਸਿੱਖ ਇਤਿਹਾਸ ਦੇ ਥੰਮ੍ਹ **ਡਾ. ਗੰਡਾ ਸਿੰਘ** ਨੇ ਮੁੱਖ ਰੋਲ ਅਦਾ ਕੀਤਾ। ਸ੍ਰੀ ਗੁਰੂ ਸਿੰਘ ਸਭਾ ਪਟਿਆਲਾ ਨੇ ਇਸ ਕਾਲਜ ਨੂੰ ਸ਼ੁਰੂ ਕਰਨ, ਚਲਾਉਣ ਅਤੇ ਹੋਰ ਬਿਹਤਰ ਬਣਾਉਣ ਲਈ ਆਪਣੇ ਨਿੱਜੀ ਖ਼ਜ਼ਾਨਿਆਂ ਵਿਚੋਂ ਮਾਇਆ ਦੀ ਵਰਤੋਂ ਕੀਤੀ। **ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਨੇ ਇਸ ਕਾਲਜ ਨੂੰ ਸ਼ੁਰੂ ਕਰਨ ਲਈ**

**ਇਮਾਰਤ ਦਿੱਤੀ** ਜਿੱਥੇ ਇਹ ਕਾਲਜ ਕਈ ਸਾਲ ਪੂਰੀ ਕਾਮਯਾਬੀ ਨਾਲ ਚਲਦਾ ਰਿਹਾ ਅਤੇ ਸੰਨ 1972 ਵਿਚ ਇਹ ਹੁਣ ਵਾਲੇ ਸਥਾਨ 'ਤੇ ਸਥਾਪਿਤ ਹੋਇਆ। **ਮਿਤੀ 15 ਮਈ, 1991 ਨੂੰ ਇਸ ਕਾਲਜ ਦਾ ਪ੍ਰਬੰਧ ਮੁਕੰਮਲ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਸਰਪ੍ਰਸਤੀ ਅਧੀਨ ਚਲਾ ਗਿਆ।** ਇਸ ਕਮੇਟੀ ਦੇ ਪ੍ਰਬੰਧ ਅਧੀਨ ਕਾਲਜ ਨੇ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹਿਆ ਅਤੇ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕੀਤੀ।

ਕਾਲਜ ਨੂੰ ਸਥਾਪਤ ਕਰਨ ਅਤੇ ਚਲਾਉਣ ਵਿਚ **ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਟਰੱਸਟ** ਨੇ **ਮਹੱਤਵਪੂਰਨ ਯੋਗਦਾਨ** ਪਾਇਆ। ਕਾਲਜ, ਟਰੱਸਟ ਦੇ ਬਾਨੀ ਸਵਰਗਵਾਸੀ **ਬ੍ਰਿਗੇਡੀਅਰ ਕੁਸ਼ਲਪਾਲ ਸਿੰਘ** ਅਤੇ ਸਵਰਗਵਾਸੀ **ਸਰਦਾਰ ਗੁਰਦਰਸ਼ਨ ਸਿੰਘ** ਦੇ ਯੋਗਦਾਨ ਦਾ ਹਮੇਸ਼ਾਂ ਰਿਣੀ ਹੈ। ਟਰੱਸਟ ਦੇ ਪ੍ਰਧਾਨ ਸਵਰਗਵਾਸੀ **ਸਰਦਾਰ ਸੁਰਜੀਤ ਸਿੰਘ ਮਜੀਠੀਆ** (ਸਾਬਕਾ ਉਪ ਰੱਖਿਆ ਮੰਤਰੀ, ਭਾਰਤ ਸਰਕਾਰ) ਨੇ ਖ਼ਾਸ ਤੌਰ 'ਤੇ ਕਾਲਜ ਦੀ ਬਿਹਤਰੀ ਅਤੇ ਵਿੱਦਿਅਕ ਜ਼ਰੂਰਤਾਂ ਵੱਲ ਧਿਆਨ ਦਿੱਤਾ। ਸਰਦਾਰ ਸੁਰਜੀਤ ਸਿੰਘ ਮਜੀਠੀਆ ਤੋਂ ਬਾਅਦ ਉਹਨਾਂ ਦੇ ਸਪੁੱਤਰ **ਸਰਦਾਰ ਸਤਿਆਜੀਤ ਸਿੰਘ ਮਜੀਠੀਆ** (ਨਾਭਾ ਰਿਆਸਤ ਦੇ ਪ੍ਰਧਾਨ ਮੰਤਰੀ, ਜਨਰਲ ਸ਼ਿਵਦੇਵ ਸਿੰਘ ਦੇ ਦੋਹਤਰੇ) ਕਾਲਜ ਟਰੱਸਟ ਦੇ ਪ੍ਰਧਾਨ ਬਣੇ। ਕਾਲਜ ਵਾਸਤੇ ਇਹ ਵੀ ਬੜੇ ਮਾਣ ਵਾਲੀ ਗੱਲ ਹੈ ਕਿ ਸਿੱਖ ਧਰਮ ਦੀਆਂ ਬਹੁਤ ਹੀ ਉੱਚ ਕੋਟੀ ਦੀਆਂ ਸ਼ਖ਼ਸੀਅਤਾਂ, **ਪੰਥ ਰਤਨ ਸਵਰਗਵਾਸੀ ਜਥੇਦਾਰ ਗੁਰਚਰਨ ਸਿੰਘ ਟੌਹੜਾ**, **ਬੀਬੀ ਜਗੀਰ ਕੌਰ**, **ਪ੍ਰੋ. ਕਿਰਪਾਲ ਸਿੰਘ ਬਡੂੰਗਰ, ਜਥੇਦਾਰ ਜਗਦੇਵ ਸਿੰਘ ਤਲਵੰਡੀ** ਅਤੇ **ਜਥੇਦਾਰ ਅਵਤਾਰ ਸਿੰਘ** ਆਦਿ ਇਸ ਦੀ ਪ੍ਰਬੰਧਕ ਕਮੇਟੀ ਦੀਆਂ ਪ੍ਰਧਾਨ ਰਹਿ ਚੁੱਕੀਆਂ ਹਨ।

ਸਿੱਖ ਧਰਮ, ਕੌਮ, ਵਿਰਸੇ ਅਤੇ ਵਿੱਦਿਆ ਨੂੰ ਸਮਰਪਿਤ **ਭਾਈ ਗੋਬਿੰਦ ਸਿੰਘ ਜੀ ਲੌਂਗੋਵਾਲ**, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਇਸ ਵੇਲੇ **ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ** ਹੋਣ ਦੀ ਸੇਵਾ ਨਿਭਾ ਰਹੇ ਹਨ ਅਤੇ ਇਨ੍ਹਾਂ ਦੀ ਸਰਪ੍ਰਸਤੀ ਅਧੀਨ ਕਾਲਜ ਸਿੱਖਿਆ ਦੇ ਖੇਤਰ ਵਿਚ ਨਵੇਂ ਮੀਲ ਪੱਥਰ ਸਥਾਪਤ ਕਰ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸਿੱਖਿਆ **ਸ. ਅਵਤਾਰ ਸਿੰਘ ਸੈਂਪਲਾ** ਅਤੇ ਕਾਲਜ ਗਵਰਨਿੰਗ ਕਾਉਂਸਿਲ ਦੇ ਆਨਰੇਰੀ ਸਕੱਤਰ **ਸ. ਸੁਰਜੀਤ ਸਿੰਘ ਰੱਖੜਾ ਜੀ** ਦੀ ਸੁਯੋਗ ਅਗਵਾਈ ਸਦਕਾ ਕਾਲਜ ਨਿੱਤ-ਦਿਨ ਤਰੱਕੀ ਕਰ ਰਿਹਾ ਹੈ ਅਤੇ ਅਕਾਦਮਿਕ 'ਤੇ ਹੋਰ ਖ਼ੇਤਰਾਂ ਵਿਚ ਉਚੇਰੀਆਂ ਮੰਜ਼ਿਲਾਂ ਨੂੰ ਛੂਹ ਰਿਹਾ ਹੈ।

## ਸਾਲਾਨਾ ਰਿਪੋਰਟ
## ਸੈਸ਼ਨ 2017-18

ਪਿਛਲੇ ਸੈਸ਼ਨਾਂ ਦੀ ਤਰ੍ਹਾਂ ਇਹ ਸੈਸ਼ਨ ਵੀ ਕਾਲਜ ਵਾਸਤੇ ਬਹੁਤ ਸੁਭਾਗਾ ਰਿਹਾ। ਇਸ ਸੈਸ਼ਨ ਦੌਰਾਨ ਕਾਲਜ ਦੇ ਅਧਿਆਪਕਾਂ ਨੇ ਖੋਜ ਦੇ ਖੇਤਰ ਵਿਚ ਅਤੇ ਵਿਦਿਆਰਥੀਆਂ ਨੇ ਸਭਿਆਚਾਰਕ ਤੇ ਖੇਡਾਂ ਦੇ ਖੇਤਰ ਵਿਚ ਕਾਲਜ ਦਾ ਨਾਮ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ 'ਤੇ ਰੌਸ਼ਨ ਕੀਤਾ।

ਇਸ ਸੈਸ਼ਨ ਦੌਰਾਨ ਕਾਲਜ ਵਿਖੇ **ਭਾਈ ਮਰਦਾਨਾ ਸੰਗੀਤ ਸਟੂਡੀਓ** ਅਤੇ **ਪ੍ਰੋ.ਪਿਆਰਾ ਸਿੰਘ ਪਦਮ ਖੋਜ ਕੇਂਦਰ** ਸਥਾਪਤ ਕੀਤੇ ਗਏ।

ਕਾਲਜ ਦੀ **ਪ੍ਰੀਖਿਆ ਸ਼ਾਖਾ ਦੀ ਇਮਾਰਤ ਵਿਚ ਵਾਧਾ** ਕੀਤਾ ਗਿਆ ਅਤੇ ਸਟੋਰ ਬਣਾਏ ਗਏ।

ਇਸ ਸੈਸ਼ਨ ਦੌਰਾਨ ਕਾਲਜ ਵਿਚ **ਬੀ.ਏ. ਆਨਰਜ਼ ਇਨ ਸ਼ੋਸਲ ਸਾਇੰਸਜ਼ ਦਾ ਕੋਰਸ ਸ਼ੁਰੂ** ਕੀਤਾ ਗਿਆ।

### 1. ਦਾਖ਼ਲੇ

ਇਸ ਸੈਸ਼ਨ ਦੌਰਾਨ ਕਾਲਜ ਵਿਚ ਵਿਦਿਆਰਥੀਆਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ। ਕਾਲਜ ਵਿਚ **6670 ਵਿਦਿਆਰਥੀਆਂ ਨੇ ਦਾਖ਼ਲਾ ਲਿਆ**, ਜਿਨ੍ਹਾਂ ਵਿਚੋਂ **3840 ਲੜਕੇ** ਅਤੇ **3830 ਲੜਕੀਆਂ** ਹਨ।

### 2. ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਵਿਦਿਅਕ ਪ੍ਰਾਪਤੀਆਂ:

### 2.1 ਅਧਿਆਪਕਾਂ ਦੀਆਂ ਵਿੱਦਿਅਕ ਪ੍ਰਾਪਤੀਆਂ :

ਇਸ ਸੈਸ਼ਨ ਦੌਰਾਨ **ਡਾ. ਗੁਰਸ਼ਰਨ ਸਿੰਘ ਗਿੱਲ** ਨੇ ਸਰੀਰਕ ਸਿੱਖਿਆ ਵਿਸ਼ੇ ਵਿੱਚ, **ਡਾ. ਹੀਨਾ** ਨੇ ਕਮਿਸਟਰੀ ਵਿਸ਼ੇ ਵਿਚ ਅਤੇ **ਡਾ. ਮਨਦੀਪ ਕੌਰ** ਨੇ ਬਾਟਨੀ ਵਿਸ਼ੇ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ **ਪੀਐੱਚ.ਡੀ** ਦੀ ਡਿਗਰੀ ਪ੍ਰਾਪਤ ਕੀਤੀ।

**ਡਾ. ਰਮਨੀਕ ਕੌਰ** ਨੇ ਕੰਪਿਊਟਰ ਸਾਇੰਸ ਵਿਸ਼ੇ ਵਿਚ ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਤੋਂ ਅਤੇ **ਡਾ. ਮਨਜੋਤ ਕੌਰ** ਨੇ ਵੀ ਕੰਪਿਊਟਰ ਸਾਇੰਸ ਵਿਸ਼ੇ ਵਿਚ ਪੈਸੀਫਿਕ ਅਕੈਡਮੀ ਆਫ ਹਾਇਰ ਐਜੂਕੈਸ਼ਨ ਐਂਡ ਰਿਸਰਚ ਯੂਨੀਵਰਸਿਟੀ, ਉਦੈਪੁਰ, ਰਾਜਸਥਾਨ ਤੋਂ **ਪੀਐੱਚ.ਡੀ** ਦੀ ਡਿਗਰੀ ਪ੍ਰਾਪਤ ਕੀਤੀ।

## 2.2 ਵਿਦਿਆਰਥੀਆਂ ਦੀਆਂ ਵਿਦਿਅਕ ਪ੍ਰਾਪਤੀਆਂ:

ਇਥੇ ਇਹ ਜ਼ਿਕਰਯੋਗ ਹੈ ਕਿ ਕਾਲਜ ਦੇ ਕਈ ਵਿਭਾਗਾਂ ਦੇ ਵਿਦਿਆਰਥੀਆਂ ਨੇ ਇਸ ਸੈਸ਼ਨ ਦੌਰਾਨ ਰਾਸ਼ਟਰੀ ਪੱਧਰ ਦੇ ਕਈ ਇਮਤਿਹਾਨ ਪਾਸ ਕੀਤੇ ਅਤੇ ਉੱਚ ਸਿੱਖਿਆ ਦੇ ਖੇਤਰ ਵਿਚ ਸ਼ਾਮਲ ਹੋ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ।

ਕਾਲਜ ਦੇ **ਪੋਸਟ ਗ੍ਰੈਜੂਏਟ ਮੈਥੇਮੈਟਿਕਸ ਅਤੇ ਸਟੈਟਿਕਸ ਵਿਭਾਗ** ਦੇ ਵਿਦਿਆਰਥੀ **ਸੁਖਪਾਲ ਸਿੰਘ** ਨੇ **CSIR, JRF**, **ਕਮਲਪ੍ਰੀਤ ਕੌਰ** ਨੇ **CSIR NET, GATE** ਅਤੇ **ਸ਼ਾਨਪ੍ਰੀਤ ਕੌਰ** ਨੇ **GATE** ਪਾਸ ਕੀਤੇ।

**ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ** ਦੇ ਵਿਦਿਆਰਥੀ **ਅਭਿਮਨੀਉ** ਨੇ **JRF** ਅਤੇ **ਜਸਵਿੰਦਰ ਕੌਰ** ਨੇ **UGC, NET** ਇਮਤਿਹਾਨ ਪਾਸ ਕੀਤਾ।

**ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ** ਦੇ ਵਿਦਿਆਰਥੀਆਂ **ਗੁਰਪ੍ਰੀਤ ਕੌਰ** ਅਤੇ **ਹਰਜਿੰਦਰ ਸਿੰਘ** ਨੇ **UGC, NET** ਦਾ ਇਮਤਿਹਾਨ ਪਾਸ ਕੀਤਾ।

ਕਾਲਜ ਦੇ ਮਿਹਨਤੀ ਸਟਾਫ਼ ਦੀ ਦੇਖ ਰੇਖ ਅਧੀਨ ਕਾਲਜ ਦੇ ਵਿਦਿਆਰਥੀਆਂ ਨੇ **ਸੈਸ਼ਨ 2016–17 ਦੀਆਂ ਪ੍ਰੀਖਿਆਵਾਂ** ਦੌਰਾਨ ਕਾਬਿਲ–ਏ–ਤਾਰੀਫ਼ ਮੱਲਾਂ ਮਾਰੀਆਂ। ਕਾਲਜ ਦੇ ਹੇਠ ਲਿਖੇ **ਵਿਦਿਆਰਥੀਆਂ ਨੇ 85% ਤੋਂ ਵੱਧ ਅੰਕ ਲੈ ਕੇ ਆਪਣੀ ਆਪਣੀ ਕਲਾਸ ਵਿਚ ਕਾਲਜ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ।** ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਬੀ.ਐਸਸੀ.ਨਾਨ ਮੈਡੀਕਲ ਭਾਗ ਪਹਿਲਾ ਦੀ ਵਿਦਿਆਰਥਣ **ਸੁਮਨਦੀਪ ਕੌਰ** ਨੇ 88.5% ਅੰਕ ਲੈ ਕੇ, ਬੀ.ਐਸਸੀ. ਮੈਡੀਕਲ ਭਾਗ ਪਹਿਲਾ ਦੀ **ਉਪਿੰਦਰ ਕੌਰ** ਨੇ 88.5% ਅੰਕ ਲੈ ਕੇ , ਬੀ.ਐਸਸੀ. ਐਗਰੀਕਲਚਰ ਆਨਰਜ਼ ਭਾਗ ਪਹਿਲਾ ਦੀ **ਨਵਪ੍ਰੀਤ ਕੌਰ** ਨੇ 90% ਅੰਕ ਲੈ ਕੇ, ਬੀ.ਐਸਸੀ. ਬਾਇਓ ਟੈਕਨਾਲੋਜੀ ਭਾਗ ਪਹਿਲਾ ਦੀ **ਸਤਵੀਰ ਕੌਰ** ਨੇ 85.75% ਅੰਕ ਲੈ ਕੇ ਅਤੇ ਭਾਗ ਤੀਜਾ ਦੀ **ਹਰਜਸਮੀਨ ਕੌਰ** ਨੇ 86.12% ਅੰਕ ਲੈ ਕੇ, ਬੀ.ਐਸਸੀ. (ਸੀ.ਐਸ.ਐਮ.) ਭਾਗ ਪਹਿਲਾ ਦੀ **ਹਰਪ੍ਰੀਤ ਕੌਰ** ਨੇ 86.95% ਅੰਕ ਲੈ ਕੇ ਅਤੇ ਭਾਗ ਦੂਜਾ ਦੀ **ਮਮਤਾ ਰਾਣੀ** ਨੇ 89.83% ਅੰਕ ਲੈ ਕੇ ਅਤੇ ਭਾਗ ਤੀਜਾ ਦੀ **ਚੰਦਨਪ੍ਰੀਤ ਕੌਰ** ਨੇ 92.07% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਐਸਸੀ.ਆਨਰਜ਼ ਮੈਥੇਮੈਟਿਕਸ ਭਾਗ ਪਹਿਲਾਂ ਦੀ **ਅਸ਼ਵਿਤਾ ਵਾਸਨ** ਨੇ 89.50% ਅੰਕ ਲੈ ਕੇ, ਬੀ.ਐਸਸੀ.ਆਨਰਜ਼ ਫਿਜ਼ਕਿਸ ਭਾਗ ਪਹਿਲਾ ਦੀ **ਵਿਧੀ ਦੰਬਲਾ** ਨੇ 88.05% ਅੰਕ ਲੈ ਕੇ, ਬੀ.ਐਸਸੀ.ਆਨਰਜ਼ ਕੈਮਿਸਟਰੀ ਭਾਗ ਪਹਿਲਾ ਦੀ **ਦੇਵਾਂਗੀ ਸ਼ਰਮਾ** ਨੇ 89.25% ਅੰਕ ਲੈ ਕੇ ਅਤੇ ਭਾਗ ਦੂਜਾ ਦੀ **ਕਿਰਨਦੀਪ ਕੌਰ** ਨੇ 92.25% ਅੰਕ ਲੈ ਕੇ, ਬੀ.ਕਾਮ.ਭਾਗ ਪਹਿਲਾ ਦੀ **ਮਨਮੀਤ ਕੌਰ** ਨੇ 91.80% ਅੰਕ ਲੈ ਕੇ, ਬੀ.ਕਾਮ. ਆਨਰਜ਼ ਭਾਗ ਪਹਿਲਾ ਦੀ **ਜਸਨੂਪ ਕੌਰ** ਨੇ 88.65% ਅੰਕ ਲੈ ਕੇ, ਬੀ.ਬੀ.ਏ. ਭਾਗ ਪਹਿਲਾ ਦੀ **ਸਾਕਸ਼ੀ ਰਾਣੀ** ਨੇ 86.65% ਅੰਕ ਲੈ ਕੇ, ਬੀ.ਏ. ਭਾਗ ਪਹਿਲਾ ਦੀ **ਜੋਤੀ** ਨੇ 91% ਅੰਕ ਲੈ ਕੇ, ਬੀ.ਵਾਕ. (ਫੂਡ ਪ੍ਰੋਸੈਸਿੰਗ ਐਂਡ ਇੰਜੀਨੀਅਰਿੰਗ) ਭਾਗ ਦੂਜਾ ਦੀ **ਹਰਸਿਮਰਨ ਕੌਰ** ਨੇ 85.87% ਅੰਕ ਲੈ ਕੇ ਅਤੇ ਭਾਗ ਤੀਜਾ ਦੀ **ਗਗਨਪ੍ਰੀਤ ਕੌਰ** ਨੇ 88.87% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਵਾਕ.(ਸਾਫ਼ਟਵੇਅਰ ਡਿਵੈਲਪਮੈਂਟ) ਭਾਗ ਦੂਜਾ ਦੀ **ਗੁਰਕੀਰਤ ਕੌਰ** ਨੇ 93.40% ਅੰਕ ਲੈ ਕੇ ਅਤੇ ਭਾਗ ਤੀਜਾ ਦੀ **ਜਸਨੀਤ ਕੌਰ ਘੁੰਮਣ** ਨੇ 90.30% ਅੰਕ ਲੈ ਕੇ ਪਹਿਲਾ ਸਥਾਨ ਹਾਸਿਲ ਕੀਤਾ। ਐਮ.ਬੀ.ਏ. ਭਾਗ ਪਹਿਲਾ ਦੀ **ਰਿਧਿਮਾ ਸਹਿਗਲ** ਨੇ 90.30% ਅੰਕ ਲੈ ਕੇ, ਐਮ.ਐਲ.ਡੀ. ਭਾਗ ਪਹਿਲਾ ਦੀ **ਦਿਵਜੋਤ ਕੌਰ** ਨੇ 90% ਅਤੇ ਭਾਗ ਦੂਜਾ ਦੀ **ਸਾਕਸ਼ੀ ਗੋਇਲ** ਨੇ 87.10% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਬੀ.ਕਾਮ. ਭਾਗ ਪਹਿਲਾ ਦੀ **ਗੁਰਸਿਮਰਨ ਕੌਰ** ਨੇ 91.10% ਅੰਕ ਲੈ ਕੇ ਅਤੇ ਭਾਗ ਦੂਜਾ ਦੀ **ਅਮਨਦੀਪ ਕੌਰ** ਨੇ 85.30% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ. ਕੈਮਿਸਟਰੀ ਭਾਗ ਪਹਿਲਾ ਦੀ **ਰਮਨਾ** ਨੇ 89.60% ਅੰਕ ਲੈ ਕੇ, ਐਮ.ਐਸਸੀ. ਫਿਜ਼ਿਕਸ ਭਾਗ ਪਹਿਲਾ ਦੀ **ਸੋਨੀਆ ਰਾਣੀ** ਅਤੇ **ਅਨੀਸ਼ਾ ਗੁਪਤਾ** ਨੇ 85.70% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐੱਮ.ਐੱਸਸੀ. ਫ਼ੈਸ਼ਨ ਡਿਜ਼ਾਈਨਿੰਗ ਐਂਡ ਟੈਕਨਾਲੋਜੀ ਭਾਗ ਪਹਿਲਾ ਦੀ **ਰਾਧਿਕਾ ਵੇਦ** ਨੇ 94.10% ਅੰਕ ਲੈ ਕੇ, ਐਮ.ਐਸਸੀ. ਐਗਰੀਕਲਚਰ ਭਾਗ ਪਹਿਲਾ ਦੀ **ਸੁਖਵੀਰ ਕੌਰ** ਨੇ 88.60% ਅੰਕ ਲੈ ਕੇ, ਐਮ.ਐਸਸੀ. ਆਈ.ਟੀ. ਭਾਗ ਪਹਿਲਾ ਦੀ **ਹਰਪ੍ਰੀਤ ਕੌਰ** ਨੇ 87.10% ਅੰਕ ਲੈ ਕੇ ਅਤੇ ਭਾਗ ਦੂਜਾ ਦੀ **ਪਲਵੀ ਬਾਂਸਲ** ਨੇ 85.38% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਐਮ.ਐਸਸੀ. ਮੈਥੇਮੈਟਿਕਸ ਭਾਗ ਪਹਿਲਾ ਦੀ **ਰਾਜਿੰਦਰ**

**ਕੌਰ** ਨੇ 95% ਅੰਕ ਲੈ ਕੇ ਅਤੇ ਭਾਗ ਦੂਜਾ ਦੀ **ਨੇਹਾ ਰਾਣੀ** ਨੇ 93.70% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ। ਸੰਗੀਤ ਗਾਇਨ ਵਿਭਾਗ ਦੀ **ਪੂਰਤੀ ਜੈਨ** ਨੇ 86.20% ਅੰਕ ਲੈ ਕੇ, ਐਮ.ਏ.ਮਨੋਵਿਗਿਆਨ ਭਾਗ ਪਹਿਲਾ ਦੀ **ਅਮਨਦੀਪ ਕੌਰ** ਨੇ 87.50% ਅੰਕ ਲੈ ਕੇ ਅਤੇ ਪੀ.ਜੀ.ਡੀ.ਸੀ.ਏ. ਦੀ **ਨਵਜੋਤ ਕੌਰ** ਨੇ 88% ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ।

## 3. ਨਵਾਂ ਨਿਯੁਕਤ ਅਤੇ ਸੇਵਾ ਮੁਕਤ ਸਟਾਫ਼:

### 3.1 ਨਵਾਂ ਨਿਯੁਕਤ ਸਟਾਫ਼

ਇਸ ਸੈਸ਼ਨ ਦੌਰਾਨ ਕਾਲਜ ਦੇ ਕਾਮਰਸ ਵਿਭਾਗ ਵਿੱਚ **ਪ੍ਰੋ. ਜਸਮੀਨ ਕੌਰ,** ਅੰਗਰੇਜ਼ੀ ਵਿਭਾਗ ਵਿੱਚ **ਡਾ.ਜਸਲੀਨ ਕੌਰ ਨੰਦਾ** ਅਤੇ **ਪ੍ਰੋ. ਨਵਦੀਪ ਕੌਰ,** ਸਾਈਕਾਲੋਜੀ ਵਿਭਾਗ ਵਿੱਚ **ਡਾ. ਤੇਜਬੀਰ ਕੌਰ,** ਐਗਰੀਕਲਚਰ ਵਿਭਾਗ ਵਿੱਚ **ਡਾ. ਅਕਸ਼ਿਤਾ ਧਾਲੀਵਾਲ, ਪ੍ਰੋ. ਲਖਵਿੰਦਰ ਸਿੰਘ** ਅਤੇ **ਪ੍ਰੋ. ਸੁਨੀਲ ਕੁਮਾਰ,** ਗਣਿਤ ਵਿਭਾਗ ਵਿੱਚ **ਡਾ. ਪਰਮਪ੍ਰੀਤ ਕੌਰ** ਅਤੇ **ਪ੍ਰੋ. ਨਰਿੰਦਰ ਕੌਰ,** ਜੌਗਰਫੀ ਵਿਭਾਗ ਵਿੱਚ **ਡਾ. ਗੋਰਖ ਸਿੰਘ,** ਫਾਈਨ ਆਰਟਸ ਵਿਭਾਗ ਵਿੱਚ **ਡਾ. ਮਨਵੀਰ ਕੌਰ,** ਧਰਮ ਅਧਿਐਨ ਵਿਭਾਗ ਵਿੱਚ **ਡਾ. ਗੁਰਵੀਰ ਸਿੰਘ,** ਥੀਏਟਰ ਸਟੱਡੀ ਵਿੱਚ **ਪ੍ਰੋ. ਵੰਦਨਾ ਕਪੂਰ,** ਮੈਨੇਜਮੈਂਟ ਵਿਭਾਗ ਵਿੱਚ **ਪ੍ਰੋ. ਰਾਜਬਿੰਦਰ ਸਿੰਘ,** ਲੋਕ ਪ੍ਰਬੰਧ ਵਿਭਾਗ ਵਿੱਚ **ਡਾ. ਪੂਨਮਦੀਪ ਸਿੰਘ,** ਅਰਥ ਸ਼ਾਸਤਰ ਵਿਭਾਗ ਵਿੱਚ **ਪ੍ਰੋ. ਸਤਵਿੰਦਰ ਕੌਰ,** ਡਿਫੈਂਸ ਸਟੱਡੀ ਵਿਭਾਗ ਵਿੱਚ **ਪ੍ਰੋ. ਬਲਦੇਵ ਸਿੰਘ,** ਫਿਜ਼ਿਕਸ ਵਿਭਾਗ ਵਿੱਚ **ਡਾ. ਕਿਰਨਦੀਪ ਸੰਧੂ**, ਕੈਮਿਸਟਰੀ ਵਿਭਾਗ ਵਿੱਚ **ਪ੍ਰੋ. ਹੀਨਾ** ਦੀ ਬਤੌਰ ਰੈਗੂਲਰ ਟੀਚਰ ਨਿਯੁਕਤੀ ਹੋਈ ।

ਇਸ ਤੋਂ ਇਲਾਵਾ ਫਿਜ਼ਿਕਸ ਵਿਭਾਗ ਵਿੱਚ **ਡਾ. ਵਰਿੰਦਰਜੀਤ ਕੌਰ**, ਕੰਪਿਊਟਰ ਸਾਇੰਸ ਵਿਭਾਗ ਵਿੱਚ **ਪ੍ਰੋ. ਸਤਵੀਰ ਕੌਰ**, ਅੰਗਰੇਜ਼ੀ ਵਿਭਾਗ ਵਿੱਚ **ਪ੍ਰੋ. ਪਰਮਜੀਤ ਕੌਰ** ਅਤੇ ਪੰਜਾਬੀ ਵਿਭਾਗ ਵਿੱਚ **ਡਾ. ਜਸਵਿੰਦਰ ਸਿੰਘ** ਟਰਾਂਸਫਰ ਹੋ ਕੇ ਆਏ।

ਉਪਰੋਕਤ ਤੋਂ ਇਲਾਵਾ ਇਸ ਸੈਸ਼ਨ ਦੌਰਾਨ **ਪ੍ਰੋ. ਪਰਮਜੀਤ ਕੌਰ, ਡਾ. ਗਗਨਦੀਪ ਸਿੰਘ, ਡਾ. ਬਲਬੀਰ ਕੌਰ, ਪ੍ਰੋ. ਸੰਦੀਪ ਚਹਿਲ, ਪ੍ਰੋ. ਵਿਕਰਮ ਗੁਪਤਾ, ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਸਤਨਾਮ ਕੌਰ, ਪ੍ਰੋ. ਸੁਖਮੋਹਨ ਕੌਰ** ਅਸਿਸਟੈਂਟ ਪ੍ਰੋਫੈਸਰ ਤੋਂ ਪਦ-ਉੱਨਤ ਹੋ ਕੇ **ਅਸੋਸੀਏਟ ਪ੍ਰੋਫੈਸਰ** ਬਣੇ।

### 3.2 ਸੇਵਾ ਮੁਕਤ ਸਟਾਫ਼:

ਇਸ ਸੈਸ਼ਨ ਦੌਰਾਨ ਟੀਚਿੰਗ ਵਿੱਚ ਇਤਿਹਾਸ ਵਿਭਾਗ ਦੇ ਮੁਖੀ **ਪ੍ਰੋ. ਸਤਨਾਮ ਕੌਰ** ਅਤੇ ਨਾਨ ਟੀਚਿੰਗ ਵਿੱਚ ਸੀਨੀਅਰ ਲੈਕਚਰਾਰ ਸਹਾਇਕ **ਸ੍ਰੀ ਬ੍ਰਿਜ ਭੂਸ਼ਨ ਅੱਤਰੀ** ਅਤੇ **ਸ੍ਰੀ ਸੁਭਾਸ਼ ਭੁਟਾਨੀ** ਸੇਵਾ ਮੁਕਤ ਹੋਏ।

## 4. ਕਾਲਜ ਵੱਲੋਂ ਆਯੋਜਿਤ ਅੰਤਰ ਰਾਸ਼ਟਰੀ/ਰਾਸ਼ਟਰੀ ਅਤੇ ਰਾਜ ਪੱਧਰੀ ਕਾਨਫਰੰਸਾਂ/ ਸੈਮੀਨਾਰ/ ਵਰਕਸ਼ਾਪ/ ਕਵੀ ਦਰਬਾਰ ਅਤੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ:

### 4.1 ਅੰਤਰ ਰਾਸ਼ਟਰੀ ਕਾਨਫਰੰਸ ਅਤੇ ਵਰਕਸ਼ਾਪ:

#### 4.1.1 ਖ਼ਾਲਸਾ ਕਾਲਜ ਗਲੋਬਲ ਅੰਤਰ ਰਾਸ਼ਟਰੀ ਪੰਜਾਬੀ ਕਾਨਫਰੰਸ:

ਮਿਤੀ 21 ਅਤੇ 22 ਫਰਵਰੀ, 2018 ਕਾਲਜ ਵੱਲੋਂ **ਖ਼ਾਲਸਾ ਕਾਲਜ ਗਲੋਬਲ ਪੰਜਾਬੀ ਕਾਨਫ਼ਰੰਸ** ਕਰਵਾਈ ਗਈ। ਅੰਤਰਰਾਸ਼ਟਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਇਹ ਕਾਨਫਰੰਸ ਪੰਜਾਬੀ ਭਾਸ਼ਾ ਦੀ ਗਲੋਬਲੀ ਸਥਿਤੀ ਅਤੇ ਸੰਭਾਵਨਾਵਾਂ ਵਿਸ਼ੇ ਉੱਪਰ ਕਰਵਾਈ ਗਈ। ਜਿਸ ਵਿੱਚ ਨੌਂ ਵੱਖ ਵੱਖ ਦੇਸ਼ਾਂ ਦੇ ਲਗਭਗ ਦੋ ਸੌ ਡੈਲੀਗੇਟਾਂ ਨੇ ਹਿੱਸਾ ਲਿਆ। ਇਸ ਕਾਨਫਰੰਸ ਵਿੱਚ **ਸਰਦਾਰ ਸੁਰਜੀਤ ਸਿੰਘ ਰੱਖੜਾ**, ਸਾਬਕਾ ਮੰਤਰੀ ਪੰਜਾਬ ਸਰਕਾਰ ਅਤੇ ਆਨਰੇਰੀ ਸਕੱਤਰ ਕਾਲਜ ਗਵਰਨਿੰਗ ਬਾਡੀ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਅਤੇ ਕੈਨੇਡਾ ਤੋਂ **ਸਰਦਾਰ ਅਜੈਬ ਸਿੰਘ ਚੱਠਾ** ਨੇ ਇਸ ਕਾਨਫਰੰਸ ਦੀ ਪ੍ਰਧਾਨਗੀ ਕੀਤੀ। ਇਸ ਕਾਨਫਰੰਸ ਦਾ ਕੁੰਜੀਵਤ ਭਾਸ਼ਣ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ **ਸ੍ਰ. ਰਵੇਲ ਸਿੰਘ** ਨੇ ਦਿੱਤਾ। ਇਸ ਕਾਨਫਰੰਸ ਦੌਰਾਨ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਸਮਰਪਿਤ **ਛੇ ਪ੍ਰਮੁੱਖ ਸਖ਼ਸ਼ੀਅਤਾਂ ਨੂੰ ਸਨਮਾਨਿਤ** ਕੀਤਾ ਗਿਆ।

#### 4.1.2 ਕਾਮਰਸ ਅਤੇ ਮੈਨੇਜਮੈਂਟ ਦੀ ਸਿੱਖਿਆ ਦੇ ਖੇਤਰ ਵਿਚ ਆਲੋਚਨਾਤਮਿਕ ਚਿੰਤਨ ਦਾ ਵਿਕਾਸ ਅੰਤਰ ਰਾਸ਼ਟਰੀ ਵਰਕਸ਼ਾਪ:

ਮਿਤੀ 9 ਅਕਤੂਬਰ, 2017 ਨੂੰ ਕਾਲਜ ਦੇ ਕਾਮਰਸ ਐਂਡ ਮੈਨੇਜਮੈਂਟ ਵਿਭਾਗ **ਕਾਮਰਸ ਅਤੇ ਮੈਨੇਜਮੈਂਟ ਦੀ ਸਿੱਖਿਆ ਦੇ ਖੇਤਰ ਵਿਚ ਆਲੋਚਨਾਤਮਿਕ ਚਿੰਤਨ ਦਾ ਵਿਕਾਸ** ਵਿਸ਼ੇ ਉੱਤੇ ਇਕ ਰੋਜ਼ਾ ਅੰਤਰ ਰਾਸ਼ਟਰੀ

ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦਾ ਉਦਘਾਟਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ **ਪ੍ਰੋ. ਕਿਰਪਾਲ ਸਿੰਘ ਬਡੂੰਗਰ** ਨੇ ਕੀਤਾ। ਇਸ ਵਰਕਸ਼ਾਪ ਦੌਰਾਨ ਇਨ ਆਈ.ਐਮ.ਆਈ.ਟੀ. ਯੂਨੀਵਰਸਿਟੀ, ਆਸਟ੍ਰੇਲੀਆ ਦੇ ਪ੍ਰੋਫੈਸਰ **ਡਾ. ਮਾਇਕਲ ਕੈਨ** ਅਤੇ **ਡਾ. ਮਹੇਸ਼ ਜ਼ੋਸ਼ੀ** ਅਤੇ ਲੰਡਨ ਸਕੂਲ ਆਫ਼ ਇਕਨਾਮਿਕਸ ਦੀ ਵਿਦਿਆਰਥਣ **ਸਿਰਜਣ ਉੱਭਾ** ਨੇ ਵਿਸ਼ੇਸ਼ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ।

### 4.1.3 ਆਰਥਿਕ ਅਤੇ ਵਪਾਰਕ ਮੁੱਦਿਆਂ ’ਤੇ ਅੰਤਰ ਰਾਸ਼ਟਰੀ ਵਰਕਸ਼ਾਪ:

ਮਿਤੀ 11 ਜਨਵਰੀ, 2018 ਨੂੰ ਕਾਲਜ ਦੇ ਕਾਮਰਸ ਐਂਡ ਮੈਨੇਜਮੈਂਟ ਵਿਭਾਗ ਵੱਲੋਂ ਆਰਥਿਕ ਅਤੇ ਵਪਾਰਕ ਮੁੱਦਿਆਂ ’ਤੇ ਇਕ ਰੋਜ਼ਾ ਅੰਤਰ ਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦੌਰਾਨ **ਮੈਨੇਜਮੈਂਟ ਯੂਨੀਵਰਸਿਟੀ ਆਫ਼ ਸਾਊਥ ਪੈਸੇਫਿਕ, ਫਿਜੀ** ਦੇ ਪ੍ਰੋਫੈਸਰ **ਡਾ. ਗੁਰਮੀਤ ਸਿੰਘ** ਅਤੇ **ਫਿਜੀ ਗਵਰਨਮੈਂਟ ਦੇ ਮੈਂਬਰ ਪਾਰਲੀਮੈਂਟ ਪ੍ਰਮੋਦ ਕੁਮਾਰ** ਨੇ ਵਿਸ਼ਾ ਮਾਹਿਰ ਵਜੋਂ ਸ਼ਿਰਕਤ ਕੀਤੀ।

## 4.2 ਰਾਸ਼ਟਰੀ ਸੈਮੀਨਾਰ/ਵਰਕਸ਼ਾਪ/ਕਵੀ ਦਰਬਾਰ ਅਤੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ:

### 4.2.1 ਭਾਈ ਗੁਰਦਾਸ ਜੀ: ਸਖ਼ਸ਼ੀਅਤ ਅਤੇ ਰਚਨਾ ਰਾਸ਼ਟਰੀ ਸੈਮੀਨਾਰ:

ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਗੁਰਮਤਿ ਸੁਸਾਇਟੀ ਵੱਲੋਂ **ਭਾਈ ਗੁਰਦਾਸ ਜੀ: ਸਖ਼ਸ਼ੀਅਤ ਅਤੇ ਰਚਨਾ ਵਿਸ਼ੇ ’ਤੇ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ** ਦਾ ਆਯੋਜਨ ਕੀਤਾ ਗਿਆ।ਇਸ ਸੈਮੀਨਾਰ ਦੌਰਾਨ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ ਦੇ **ਜਥੇਦਾਰ ਗਿਆਨੀ ਹਰਪ੍ਰੀਤ ਸਿੰਘ** ਨੇ ਬਤੌਰ ਮੁੱਖ ਮਹਿਮਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀਨ **ਮੀਤ ਪ੍ਰਧਾਨ ਬਾਬਾ ਬੂਟਾ ਸਿੰਘ** ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ।

### 4.2.2 ਰਾਸ਼ਟਰੀ ਵਿਕਾਸ ਵਿਚ ਉੱਚ ਸਿੱਖਿਆ ਦਾ ਯੋਗਦਾਨ ਅਤੇ ਅਧਿਆਪਕ ਦੀ ਭੂਮਿਕਾ ਰਾਸ਼ਟਰੀ ਸੈਮੀਨਾਰ:

ਮਿਤੀ 16 ਜੁਲਾਈ, 2017 ਨੂੰ ਸਥਾਨਕ ਕਾਲਜ ਵੱਲੋਂ ਭਾਰਤੀਯ ਸਿਖਸ਼ਣ ਮੰਡਲ ਦੇ ਸਹਿਯੋਗ ਨਾਲ **ਰਾਸ਼ਟਰੀ ਵਿਕਾਸ ਵਿਚ ਉੱਚ ਸਿੱਖਿਆ ਦਾ ਯੋਗਦਾਨ ਅਤੇ ਅਧਿਆਪਕ ਦੀ ਭੂਮਿਕਾ** ਵਿਸ਼ੇ ’ਤੇ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਇਸ ਸੈਮੀਨਾਰ ਦੌਰਾਨ **ਕੇਂਦਰੀ ਯੂਨੀਵਰਸਿਟੀ, ਹਿਮਾਚਲ ਪ੍ਰਦੇਸ਼** ਦੇ **ਵਾਇਸ ਚਾਂਸਲਰ ਡਾ. ਕੁਲਦੀਪ ਅਗਨੀਹੋਤਰੀ** ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਇਸ ਕਾਨਫਰੰਸ ਦਾ **ਕੁੰਜੀਵਤ ਭਾਸ਼ਣ ਪ੍ਰੋ. ਅਨੁਰਿਧ ਦੇਸ਼ ਪਾਂਡੇ**, **ਮੈਂਬਰ ਗਰਵਨਿੰਗ ਕੌਂਸਲ, ਨੈਕ, ਬੰਗਲੌਰ** ਨੇ ਕੀਤਾ।

### 4.2.3 ਤ੍ਰੈ ਭਾਸ਼ਾਈ ਰਾਸ਼ਟਰੀ ਕਵੀ ਦਰਬਾਰ:

ਮਿਤੀ 22 ਜਨਵਰੀ, 2018 ਨੂੰ ਕਾਲਜ ਦੇ ਹਿੰਦੀ ਵਿਭਾਗ ਅਤੇ ਪੰਜਾਬੀ ਵਿਭਾਗ ਵੱਲੋਂ ਬਸੰਤ ਪੰਚਮੀ ਨੂੰ ਸਮਰਪਿਤ **ਤ੍ਰੈ ਭਾਸ਼ਾਈ ਰਾਸ਼ਟਰੀ ਕਵੀ ਦਰਬਾਰ ਦਾ ਆਯੋਜਨ** ਕੀਤਾ ਗਿਆ। ਜਿਸ ਵਿਚ ਪੰਜਾਬੀ, ਹਿੰਦੀ ਅਤੇ ਫ਼ਾਰਸੀ ਦੇ ਪ੍ਰਸਿੱਧ ਕਵੀਆਂ ਨੇ ਆਪਣੇ ਕਲਾਮ ਪੇਸ਼ ਕੀਤੇ।

### 4.2.4 ਸਹਿਣਸ਼ੀਲਤਾ ਅਤੇ ਸਹਿਹੋਂਦ ਅੰਤਰ-ਧਰਮ ਰਾਸ਼ਟਰੀ ਵਰਕਸ਼ਾਪ:

ਮਿਤੀ 18 ਮਾਰਚ, 2017 ਨੂੰ ਕਾਲਜ ਵੱਲੋਂ **ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ, ਦਿੱਲੀ** ਅਤੇ **ਬ੍ਰਿਟਿਸ਼ ਹਾਈ ਕਮਿਸ਼ਨ** ਦੇ ਸਹਿਯੋਗ ਨਾਲ ਨੌਜਵਾਨ ਵਿਦਿਆਰਥੀਆਂ ਲਈ **ਸਹਿਣਸ਼ੀਲਤਾ ਅਤੇ ਸਹਿਹੋਂਦ** ਵਿਸ਼ੇ ’ਤੇ **ਦੋ ਰੋਜ਼ਾ ਅੰਤਰ-ਧਰਮ ਰਾਸ਼ਟਰੀ ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ।

### 4.2.5 ਮਾਈਨੋਰਟੀ ਸਕਾਲਰਸ਼ਿਪ ਵਰਕਸ਼ਾਪ:

ਮਿਤੀ 31 ਮਈ, 2017 ਨੂੰ ਕਾਲਜ ਵਿਖੇ **ਮਾਈਨੋਰਟੀ ਸਕਾਲਰਸ਼ਿਪ** ਵਿਸ਼ੇ ’ਤੇ **ਦੋ ਰੋਜ਼ਾ** ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਮੂਹ ਕਾਲਜਾਂ ਅਤੇ ਸਕੂਲਾਂ ਦੇ ਅਧਿਆਪਕਾਂ ਨੇ ਭਾਗ ਲਿਆ।

**4.2.6 ਫਕੈਲਟੀ ਡਿਵੈਲਪਮੈਂਟ ਪ੍ਰੋਗਰਾਮ:**

ਮਿਤੀ 18 ਦਸੰਬਰ, 2017 ਨੂੰ ਕਾਲਜ ਦੇ ਡਾ. ਗੰਡਾ ਸਿੰਘ ਕੈਰੀਅਰ ਗਾਈਡੈਂਸ ਕੌਂਸਲਿੰਗ ਐਂਡ ਪਲੇਸਮੈਂਟ ਸੈਂਟਰ ਵੱਲੋਂ **ਟੀਚਿੰਗ ਪੈਡਾਗੋਗੀ, ਟੀਚਿੰਗ ਐਥਿਕਸ ਐਂਡ ਵੈਲਿਊ ਐਜੂਕੇਸ਼ਨ** ਵਿਸ਼ੇ ਉਪਰ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਅਧੀਨ **ਸੱਤ ਰੋਜ਼ਾ ਵਰਕਸ਼ਾਪ ਦਾ ਆਯੋਜਨ** ਕੀਤਾ ਗਿਆ।

**5. ਕਾਲਜ ਦੇ ਅਧਿਆਪਕਾਂ ਵੱਲੋਂ ਅੰਤਰ ਰਾਸ਼ਟਰੀ/ਰਾਸ਼ਟਰੀ ਅਤੇ ਰਾਜ ਪੱਧਰੀ ਕਾਨਫਰੰਸਾਂ/ ਸੈਮੀਨਾਰ/ ਵਰਕਸ਼ਾਪ ਵਿਚ ਪ੍ਰਸਤੁਤ ਖੋਜ ਪੇਪਰ ਅਤੇ ਸ਼ਮੂਲੀਅਤ:**

**5.1. ਬਾਹਰਲੇ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿਖੇ ਅੰਤਰਰਾਸ਼ਟਰੀ ਕਾਨਫ਼ਰੰਸਾਂ ਵਿੱਚ ਪੇਸ਼ ਖੋਜ ਪੱਤਰ :**

ਇਸ ਸੈਸ਼ਨ ਦੌਰਾਨ **ਡਾ. ਤਰਲੋਚਨ ਸਿੰਘ ਮਹਾਜਨ** ਨੇ 26 ਜੂਨ 2017 ਨੂੰ ਚੀਨ ਵਿਖੇ ਹੋਈ ਤੀਜੀ ਅੰਤਰਰਾਸ਼ਟਰੀ ਕਾਨਫਰੰਸ ਆਨ ਐਗਰੀਕਲਚਰ ਐਂਡ ਬਾਇਓਲੋਜੀਕਲ ਸਾਇੰਸ ਵਿੱਚ ‘‘**Effect Of Electric And Magnetic Treatment On Germination Of Better Ground Seed”** ਵਿਸ਼ੇ ਤੇ ਖੋਜ ਪੱਤਰ ਪੇਸ਼ ਕੀਤਾ ।

**ਪ੍ਰੋ. ਇੰਦਰਬੀਰ ਕੌਰ** ਨੇ 15-16 ਅਪ੍ਰੈਲ 2017 ਨੂੰ ਸਿਡਨੀ ਵਿਖੇ ਹੋਈ ਅੰਤਰਰਾਸ਼ਟਰੀ ਕਾਨਫਰੰਸ -2017 ਵਿੱਚ **"Development Of Cloud In Blended Learning Environment To Enhance Academic Quality: An Indior Perspective"** ਵਿਸ਼ੇ ਤੇ ਖੋਜ ਪੱਤਰ ਪੜ੍ਹਿਆ ਜੋ ਅੰਤਰਰਾਸ਼ਟਰੀ ਜਨਰਲ Review Of Integrative Business And Economic Research ਵਿੱਚ ਪ੍ਰਕਾਸ਼ਿਤ ਹੋਇਆ ।

**ਡਾ. ਮਨਵਿੰਦਰ ਕੌਰ** ਨੇ 3-5 ਅਗਸਤ 2017 ਨੂੰ ਸ਼ਿਕਾਗੋ, ਅਮਰੀਕਾ ਵਿਖੇ ਹੋਈ ਅੰਤਰਰਾਸ਼ਟਰੀ ਕਾਨਫਰੰਸ 23rd ISSAT International Conference Reliability and Quality in Design ਵਿੱਚ **"Duplex Paper Industry (Manufacturing Process and its Performance Analysis)"** ਵਿਸ਼ੇ ’ਤੇ ਖੋਜ ਪੱਤਰ ਪੜ੍ਹਿਆ ਜੋ ਅੰਤਰਰਾਸ਼ਟਰੀ ਜਨਰਲ International Society of Science and Applied Technologies, The Korean Reliability Society, Reliability Engineering Association of Japan: 331-336, 2017 ਵਿੱਚ ਪ੍ਰਕਾਸ਼ਿਤ ਹੋਇਆ ਅਤੇ ਸ਼ੈਸ਼ਨ ਚੇਅਰ ਵੀ ਕੀਤਾ।

**5.2 ਅਧਿਆਪਕਾਂ ਵੱਲੋਂ ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਪ੍ਰਸਤੁਤ ਖੋਜ ਪੱਤਰ :**

ਇਸ ਸੈਸ਼ਨ ਦੌਰਾਨ **ਡਾ. ਹਰਵਿੰਦਰ ਕੌਰ** ਨੇ 18 ਨਵੰਬਰ 2017 ਨੂੰ ਅੰਤਰਰਾਸ਼ਟਰੀ ਕਾਨਫਰੰਸ ਜੋ ਪੋਸਟ ਗ੍ਰੈਜੂਏਟ ਸਟੇਟ ਕਾਲਜ ਚੰਡੀਗੜ੍ਹ ਵਿਖੇ ਆਯੋਜਿਤ ਹੋਈ ਵਿੱਚ ‘‘**ਰਾਮ ਭਗਤੀ ਸਾਹਿਤ ਤੇ ਮਾਨਵੀ ਮੂਲਯ: ਰਾਮ ਚਰਿੱਤਰ ਮਾਨਸ ਕੇ ਸੰਦਰਭ ਮੇਂ** ਵਿਸ਼ੇ ‘ਤੇ, 22 ਨਵੰਬਰ 2017 ਨੂੰ, ਅੰਤਰਰਾਸ਼ਟਰੀ ਕਾਨਫਰੰਸ ਵਿਮੈਨ ਸਟੱਡੀ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਯੋਜਿਤ ਕੀਤੀ ਗਈ ਸੀ ਵਿੱਚ ‘‘**ਬਦਲਦੇ ਦੌਰ ਵਿੱਚ ਔਰਤ ਦੀ ਸਥਿਤੀ ਪ੍ਰਮੁੱਖ ਹਿੰਦੀ ਮਹਿਲਾ ਕਹਾਣੀਕਾਰਾਂ ਦੇ ਸੰਦਰਭ ਵਿੱਚ‘‘** ਵਿਸ਼ੇ ‘ਤੇ ਅਤੇ 17 ਜਨਵਰੀ 2018 ਨੂੰ ਅਤੇ ਅੰਤਰਰਾਸ਼ਟਰੀ ਕਾਨਫਰੰਸ ਜਿਹੜੀ ਕਿ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵੱਲੋਂ ਆਯੋਜਿਤ ਕੀਤੀ ਗਈ ਸੀ ਵਿੱਚ **ਪਰਵਾਸੀ ਕਹਾਣੀਕਾਰਾ ਵੀਨਾ ਵਰਮਾ ਕੀ ਕਹਾਨੀਓਂ ਮੇਂ ਨਾਰੀ ਜੀਵਨ ਕੀ ਵਿਭਿੰਨ ਸਮੱਸਿਆਵਾਂ ਕਾ ਚਿੱਤ੍ਰਣ** ਵਿਸ਼ਿਆਂ ‘ਤੇ ਖੋਜ ਪੱਤਰ ਪੇਸ਼ ਕੀਤੇ ।

**ਪ੍ਰੋ. ਨਮਰਤਾ** ਨੇ 23-24 ਫਰਵਰੀ 2018 ਨੂੰ ਹੋਈ ਇੰਟਰਨੈਸ਼ਨਲ ਕਾਨਫਰੰਸ ਆਨ ਅਡਵਾਂਸਮੈਂਟ ਐਂਡ ਟੈਕਨਾਲੋਜੀ ਵਿੱਚ **"Ranking Of Octagonal Fuzzy Numbers For Solving Fuzzy Game Theory"** ਵਿਸ਼ੇ ‘ਤੇ ਖੋਜ ਪੱਤਰ ਪੇਸ਼ ਕੀਤਾ।

**ਡਾ. ਅੰਜੂ ਖੁੱਲਰ** ਨੇ ਖ਼ਾਲਸਾ ਕਾਲਜ ਪਟਿਆਲਾ ਵੱਲੋਂ ਆਯੋਜਿਤ ਅੰਤਰ ਰਾਸ਼ਟਰੀ ਕਾਨਫ਼ਰੰਸ ਖ਼ਾਲਸਾ ਕਾਲਜ ਗਲੋਬਲ ਪੰਜਾਬੀ ਕਾਨਫਰੰਸ ਵਿੱਚ ‘‘**Scientific Approach Of The Punjabi Language”** ਵਿਸ਼ੇ ‘ਤੇ , ਡਾ. ਜੀਵੰਤ ਕੌਰ ਨੇ ‘‘**ਇਤਿਹਾਸਿਕ ਪਰਿਪੇਖ ਵਿਚ ਪੰਜਾਬੀ ਭਾਸ਼ਾ ਦੀ ਵਿਗਿਆਨਕ ਖੋਜ ਵਿਧੀ”** ਵਿਸ਼ੇ ‘ਤੇ, ਡਾ. ਗੁਰਵੀਰ ਸਿੰਘ ਨੇ **ਗੁਰਬਾਣੀ ਅਨੁਵਾਦ :ਸਿਧਾਂਤਕ ਪਰਿਪੇਖ** ਵਿਸ਼ੇ ‘ਤੇ ਅਤੇ **ਡਾ. ਵੰਦਨਾ ਕਪੂਰ** ਤੇ ਐੱਮ.ਫਿਲ. ਪੰਜਾਬੀ ਦੇ **ਵਿਦਿਆਰਥੀ ਬਲਰਾਜ ਸਿੰਘ** ਨੇ ਖੋਜ ਪੱਤਰ ਪੇਸ਼ ਕੀਤਾ।

**ਪ੍ਰੋ. ਇੰਦਰਬੀਰ ਕੌਰ** ਅਤੇ **ਪ੍ਰੋ. ਗੁਰਪਾਲ ਸਿੰਘ** ਨੇ 23-24 ਫਰਵਰੀ 2018 ਨੂੰ ਭਾਈ ਗੁਰਦਾਸ ਇੰਸਟੀਚਿਊਟ ਆਫ ਇੰਜੀਅਰਿੰਗ ਐਂਡ ਟੈਕਨਾਲੋਜੀ ਸੰਗਰੂਰ ਵੱਲੋਂ ਆਯੋਜਿਤ ਛੇਵੀਂ ਅੰਤਰਰਾਸ਼ਟਰੀ ਕਾਨਫਰੰਸ ਆਨ ਐਡਵਾਂਸਮੈਂਟ ਇਨ ਇੰਜੀਅਰਿੰਗ ਐਂਡ ਟੈਕਨਾਲੋਜੀ ਵਿੱਚ **"Study of E-Governance Service In Punjab :Review And Analysis"** ਵਿਸ਼ੇ ਤੇ ਖੋਜ ਪੱਤਰ ਪੇਸ਼ ਕੀਤਾ ।

**ਪ੍ਰੋ. ਭਰਤ ਗੋਇਲ** ਨੇ ਮਾਰਚ 2018 ਨੂੰ ਮਹਾਂਰਿਸ਼ੀ ਮਰਕੰਡੇਸ਼ਵਰ ਯੂਨੀਵਰਸਿਟੀ ਮੁਲਾਣਾ, ਵੱਲੋਂ ਆਯੋਜਿਤ ਕੀਤੀ ਅੰਤਰਰਾਸ਼ਟਰੀ ਕਾਨਫਰੰਸ 2018 ਵਿੱਚ **"Optimization Of Total Waiting Time Of Job's In Two Stage Specially Structured Flow Shop Scheduling Model With Transportation Time Of Jobs"** ਵਿਸ਼ੇ ਤੇ ਖੋਜ ਪੱਤਰ ਪੇਸ਼ ਕੀਤਾ ।

**5.3 ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਅਧਿਆਪਕਾਂ ਵੱਲੋਂ ਸ਼ਮੂਲੀਅਤ:**

ਇਸ ਸੈਸ਼ਨ ਦੌਰਾਨ **ਪ੍ਰੋ. ਰਾਜਵਿੰਦਰ ਕੌਰ, ਡਾ.ਜੈਸਮੀਨ ਟਿਵਾਣਾ, ਪ੍ਰੋ. ਤ੍ਰਿਪਤ ਕੌਰ ਪ੍ਰੋ.ਸਪਨਾ** ਅਤੇ **ਡਾ. ਹੀਨਾ** ਨੇ 21-22 ਫਰਵਰੀ 2018 ਨੂੰ ਖ਼ਾਲਸਾ ਕਾਲਜ ਪਟਿਆਲਾ ਵੱਲੋਂ ਆਯੋਜਿਤ ਕੀਤੀ ਗਈ ਅੰਤਰਰਾਸ਼ਟਰੀ ਕਾਨਫਰੰਸ "**ਖ਼ਾਲਸਾ ਕਾਲਜ ਗਲੋਬਲ ਪੰਜਾਬੀ ਕਾਨਫਰੰਸ**" ਵਿੱਚ ਸ਼ਿਰਕਤ ਕੀਤੀ ।

**5.4 ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਅਧਿਆਪਕਾਂ ਵੱਲੋਂ ਪੋਸਟਰ ਪੇਸ਼ਕਾਰੀ:**

ਇਸ ਸੈਸ਼ਨ ਦੌਰਾਨ **ਡਾ. ਅੰਜੂ ਖੁੱਲਰ** ਨੇ ਮੁਲਤਾਨੀ ਮੱਲ ਮੋਦੀ ਕਾਲਜ ਵੱਲੋਂ ਆਯੋਜਿਤ ਅੰਤਰਰਾਸ਼ਟਰੀ ਕਾਨਫ਼ਰੰਸ " 2018" ਵਿੱਚ ਪੋਸਟਰ ਦੀ ਪੇਸ਼ਕਾਰੀ ਕੀਤੀ ।

**5.5 ਰਾਸ਼ਟਰੀ ਕਾਨਫਰੰਸਾਂ ਵਿੱਚ ਅਧਿਆਪਕਾਂ ਵੱਲੋਂ ਪੇਸ਼ ਖੋਜ ਪੱਤਰ:**

ਇਸ ਸੈਸ਼ਨ ਦੌਰਾਨ **ਡਾ.ਨਿਪੁੰਨਜੋਤ ਕੌਰ** ਅਤੇ **ਡਾ.ਨਿਸ਼ੂ ਜੋਸ਼ੀ** ਨੇ 31ਅਕਤੂਬਰ 2017 ਨੂੰ ਰਿਮਟ ਯੂਨੀਵਰਸਿਟੀ ਗੋਬਿੰਦਗੜ੍ਹ ਵਿਖੇ ਹੋਈ ਰਾਸ਼ਟਰੀ ਕਾਨਫ਼ਰੰਸ "**ਨੈਸ਼ਨਲ ਕਾਨਫਰੰਸ ਆਨ ਰਿਸਰਚ ਡਿਵੈਲਪਮੈਂਟ ਐਂਡ ਸੋਸ਼ਲ ਇਕਨਾਮਿਕ ਚੇਂਜ** ਵਿੱਚ ਖੋਜ ਪੱਤਰ ਪੇਸ਼ ਕੀਤਾ ।

**ਪ੍ਰੋ. ਨਮਰਤਾ** ਨੇ 11-12 ਨਵੰਬਰ 2017 ਨੂੰ ਸ਼ਿਵਾਲਿਕ ਕਾਲਜ ਆਫ ਇੰਜਨੀਅਰਿੰਗ ਦੇਹਰਾਦੂਨ ਵਿਖੇ ਹੋਈ ਕਾਨਫਰੰਸ ਵਿੱਚ **"Solution Of Fuzzy Game Problem By Using Dodecagonal Fuzzy Numbers"** ਵਿਸ਼ੇ ਤੇ ਖੋਜ ਪੱਤਰ ਪੇਸ਼ ਕੀਤਾ ਅਤੇ ਇਹ ਇੰਟਰਨੈਸ਼ਨਲ ਜਨਰਲ ਆਫ ਸਾਇੰਟੀਫਿਕ ਐਂਡ ਇੰਜਨੀਅਰਿੰਗ ਰਿਸਰਚ ਵਿੱਚ ਛਪਿਆ ।

**ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਨੇ 9-10 ਫਰਵਰੀ 2018 ਨੂੰ ਮੁਲਤਾਨੀ ਮੱਲ ਮੋਦੀ ਕਾਲਜ ਵੱਲੋਂ ਕਰਵਾਈ ਗਈ ਨੌਵੀਂ ਨੈਸ਼ਨਲ ਕਾਨਫਰੰਸ ਆਨ ਰੀਸੈਂਟ ਐਡਵਾਂਸੇਜ ਇਨ ਕੈਮੀਕਲ , ਬਾਇਓਲੋਜੀਕਲ ਐਂਡ ਇਨਵਾਰਮੈਂਟਲ ਸਾਇੰਸਜ਼ ਵਿੱਚ **"Chromosumal Variability In Family Poaceae"** ਵਿਸ਼ੇ 'ਤੇ, **ਡਾ. ਅਕਸ਼ਤਿਾ ਧਾਲੀਵਾਲ** ਨੇ **"Cytological Diversity In Some Members Of Tribe Agrostideae And Eragrosteae (Poaceae) From Haryana And Adjoining Shiwalik Hills"** ਵਿਸ਼ੇ 'ਤੇ , **ਡਾ. ਮਨਦੀਪ ਕੌਰ** ਨੇ **"Ethnobotanical Plants Of Naraingarh Division. Ambala District, Haryana"** ਵਿਸ਼ੇ 'ਤੇ ਅਤੇ **ਡਾ. ਸੁਖਬੀਰ ਕੌਰ** ਨੇ **"Antibacterial Activity Of Liquid Hand Washes And Beauty Soaps Against Daily Encountered Bacteria"** ਵਿਸ਼ੇ 'ਤੇ ਖੋਜ ਪੱਤਰ ਪੇਸ਼ ਕੀਤੇ ।

**ਡਾ. ਗੁਰਸਿਮਰਨਜੀਤ ਕੌਰ** ਨੇ 7-8 ਫਰਵਰੀ 2018 ਨੂੰ ਮਾਤਾ ਗੰਗਾ ਖਾਲਸਾ ਕਾਲਜ ਫਾਰ ਗਰਲਜ ਕੋਟਾਂ, ਮੰਜੀ ਸਾਹਿਬ ਵੱਲੋਂ ਆਯੋਜਿਤ ਦੋ ਰੋਜਾ ਰਾਸ਼ਟਰੀ ਕਾਨਫ਼ਰੰਸ Stubble Burning- A Threat To The Mankind ਵਿਚ "**Stubble Burning: Causes, Effect and Possible Solution"** ਵਿਸ਼ੇ 'ਤੇ ਖੋਜ ਪੱਤਰ ਪੇਸ਼ ਕੀਤਾ ।

**ਡਾ. ਹਰਪ੍ਰੀਤ ਕੌਰ** ਨੇ 15-17 ਸਤੰਬਰ 2017 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬਾਟਨੀ ਵਿਭਾਗ ਵੱਲੋਂ ਆਯੋਜਿਤ 40th All India Botanical Conference Of The Indian Botanical Society And National Symposium On Evaluation And Conservation Of Plant Germplasm ਵਿੱਚ **"Role Of Hydroponic Technique In Vegetable Crop Production "** ਵਿਸ਼ੇ 'ਤੇ ਅਤੇ **ਡਾ. ਅਕਸ਼ਤਿਾ ਧਾਲੀਵਾਲ** ਨੇ **"Cytomorphological Study In Genus Sorghum Moench. (Family: Poaceae)"** ਵਿਸ਼ੇ 'ਤੇ ਖੋਜ ਪੱਤਰ ਪੇਸ਼ ਕੀਤਾ ।

**ਪ੍ਰੋ. ਸਪਨਾ** ਨੇ 12 ਅਕਤੂਬਰ 2017 ਨੂੰ ਆਈ. ਆਈ. ਐਸ. ਯੂਨੀਵਰਸਿਟੀ, ਜੈਪੁਰ ਵੱਲੋਂ ਆਯੋਜਿਤ ਆਲ ਇੰਡੀਆ ਕਾਮਰਸ ਕਾਨਫ਼ਰੰਸ ਵਿੱਚ "**ਕੈਸ਼ ਟੂ ਕੈਸ਼ਲੈੱਸ ਐਨ ਇੰਮਪੀਰੀਕਲ ਸਟੱਡੀ ਆਨ ਮੋਬਾਈਲ ਵਾਲੇਟ ਯੂਜ਼ਰ ਇਨ ਪੰਜਾਬ**" ਵਿਸ਼ੇ 'ਤੇ ਖੋਜ ਪੱਤਰ ਪੇਸ਼ ਕੀਤਾ ।

**ਡਾ. ਨਿਸ਼ੂ ਜੋਸ਼ੀ** ਨੇ 7-9 ਫਰਵਰੀ 2018 ਨੂੰ ਪੀ.ਏ.ਯੂ. ਲੁਧਿਆਣਾ ਵਿਖੇ ਹੋਈ ''**ਪੰਜਾਬ ਸਾਇੰਸ ਕਾਂਗਰਸ**'' ਵਿੱਚ ਆਪਣਾ ਖੋਜ ਪੱਤਰ ਪੇਸ਼ ਕੀਤਾ ।

## 5.6 ਰਾਸ਼ਟਰੀ ਕਾਨਫਰੰਸਾਂ ਵਿੱਚ ਅਧਿਆਪਕਾਂ ਵੱਲੋਂ ਸ਼ਮੂਲੀਅਤ:

ਇਸ ਸੈਸ਼ਨ ਦੌਰਾਨ **ਡਾ. ਅਕਸ਼ਤਿਾ ਧਾਲੀਵਾਲ** ਨੇ 16-17 ਮਾਰਚ 2018 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਵੱਲੋਂ ਆਯੋਜਿਤ ਰਾਸ਼ਟਰੀ ਕਾਨਫਰੰਸ Research in Plant Science For Sustainable Development ਵਿਚ **"Cytology of some Grasses From Haryana and adjoining Shiwalik Hills"** ਵਿਸ਼ੇ 'ਤੇ ਖੋਜ ਪੱਤਰ ਪੇਸ਼ ਕੀਤਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ ਇਸ ਤੋਂ ਇਲਾਵਾ ਐੱਮ.ਐੱਸ.ਸੀ. ਖੇਤੀਬਾੜੀ ਭਾਗ-ਪਹਿਲਾ ਦੇ **ਵਿਦਿਆਰਥੀ ਗੁਰਜਿੰਦਰ ਸਿੰਘ** ਨੇ "**Effect Of Dehauling On Patato Seed Production**" ਵਿਸ਼ੇ 'ਤੇ ਖੋਜ ਪੱਤਰ ਪੇਸ਼ ਕੀਤਾ ।

## 5.7 ਰਾਸ਼ਟਰੀ ਕਾਨਫਰੰਸਾਂ ਵਿੱਚ ਅਧਿਆਪਕਾਂ ਵੱਲੋਂ ਪੋਸਟਰ ਪੇਸ਼ਕਾਰੀ:

ਇਸ ਸੈਸ਼ਨ ਦੌਰਾਨ **ਡਾ. ਮੋਨਿਕਾ ਬਾਂਸਲ** ਨੇ 15-16 ਫਰਵਰੀ 2018 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਈ ਗਈ ਦੋ ਰੋਜ਼ਾ ਰਾਸ਼ਟਰੀ ਕਾਨਫਰੰਸ Chemical And Environmental Sciences: Innovations And Advances-2018 ਵਿੱਚ **''Microwave Assisted Synthesis Of Some 7-Methyl-3-Phenyl-5-(Substituted Phenyl)-8, 8a- Dihydro-5H-{1,3} Thiazolo {3,Z-A} Pyrimidin-6yl(Phenyl),"** ਵਿਸ਼ੇ 'ਤੇ, **ਡਾ.ਰੁਪੀ ਧੀਰ** ਨੇ **''Secondary Interactions In Diselenide Derivatives Of 4- Substituted-N,N- Dirsoprophylpyricidine-2- Carboxamide: X-Ray Structure Of Is(3-(4-Choloro-N,N Dirsopropylpyridine-2-Carboxamide) Diselenide"** ਵਿਸ਼ੇ 'ਤੇ ਅਤੇ **ਡਾ. ਅੰਕੁਸ਼ੀ** ਨੇ ਪੋਸਟਰ ਪੇਸ਼ ਕੀਤਾ ।

**ਡਾ. ਹਰਪ੍ਰੀਤ ਕੌਰ** ਨੇ 9-10 ਫਰਵਰੀ 2018 ਨੂੰ ਮੁਲਤਾਨੀ ਮੱਲ ਮੋਦੀ ਕਾਲਜ ਵੱਲੋਂ ਕਰਵਾਈ ਗਈ ਨੌਵੀਂ ਨੈਸ਼ਨਲ ਕਾਨਫਰੰਸ ਆਨ ਰੀਸੈਂਟ ਐਡਵਾਂਸੇਜ ਇਨ ਕੈਮੀਕਲ, ਬਾਇਓਲੋਜੀਕਲ ਐਂਡ ਇਨਵਾਰਮੈਂਟਲ ਸਾਇੰਸਜ਼ ਵਿੱਚ **"Aeroponics: A Soil Less Cultivation Of Crops"** ਵਿਸ਼ੇ 'ਤੇ ਪੋਸਟਰ ਪੇਸ਼ ਕੀਤਾ ।

**ਪ੍ਰੋ. ਇਮਤਿਆਜ਼ਾ ਖਾਨ** ਨੇ 26-28 ਅਕਤੂਬਰ 2017 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਕਰਵਾਈ International Conference In Zoological Sciences And Ants ਵਿਚ **"Mitigating Effect Of Boerhaavia Diffusa L. On Testicular Histology In Fluoride Intoxicated Rats"**ਵਿਸ਼ੇ 'ਤੇ ਅਤੇ **"Testicular Toxicity In Fluoride Exposed Rats: Association With Steroidogenesis"** ਵਿਸ਼ੇ 'ਤੇ ਪੰਜਾਬ ਯੂਨੀਵਰਸਿਟੀ ਲੁਧਿਆਣਾ ਵਿਚ 7-9 ਫਰਵਰੀ 2018 ਨੂੰ ਆਯੋਜਿਤ 21st Punjab Science Congress ਵਿਚ ਪੋਸਟਰ ਪੇਸ਼ ਕੀਤੇ ।

**ਡਾ. ਅਕਸ਼ਤਿਾ ਧਾਲੀਵਾਲ** ਨੇ 15-17 ਸਤੰਬਰ 2017 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬਾਟਨੀ ਵਿਭਾਗ ਵੱਲੋਂ ਆਯੋਜਿਤ 40th All India Botanical Conference Of The Indian Botanical Society And National Symposium On Evaluation And Conservation Of Plant Germplasm ਵਿੱਚ **"Prevalence Of Supernumerary Chromosomes In Indian Grasses"** ਵਿਸ਼ੇ 'ਤੇ ਪੋਸਟਰ ਪੇਸ਼ ਕੀਤਾ ।

**ਡਾ. ਹੀਨਾ** ਨੇ 2017 ਅਤੇ 2018 ਵਿੱਚ ਹੋਈਆਂ ਰਾਸ਼ਟਰੀ ਕਾਨਫਰੰਸਾਂ "National Conference On New Paradigm In Chemical And Environmental Science" ਵਿੱਚ ਪੋਸਟਰ ਪੇਸ਼ ਕੀਤੇ।

## 6. ਰਾਸ਼ਟਰੀ ਸੈਮੀਨਾਰ ਵਿੱਚ ਪੇਸ਼ ਖੋਜ ਪੱਤਰ/ਪੋਸਟਰ ਪੇਸ਼ਕਾਰੀ ਅਤੇ ਵਰਕਸ਼ਾਪਾਂ ਵਿਚ ਸ਼ਮੂਲੀਅਤ:

## 6.1 ਰਾਸ਼ਟਰੀ ਸੈਮੀਨਾਰਾਂ ਵਿੱਚ ਪੇਸ਼ ਖੋਜ ਪੱਤਰ:

ਇਸ ਸੈਸ਼ਨ ਦੌਰਾਨ **ਡਾ. ਪੁਸ਼ਪਿੰਦਰ ਕੌਰ** ਨੇ 14 ਮਾਰਚ 2018 ਨੂੰ ਮਾਤਾ ਸੁੰਦਰੀ ਖਾਲਸਾ ਗਰਲਜ਼ ਕਾਲਜ ਨੀਂਸਿੰਗ ਕਰਨਾਲ ਵੱਲੋਂ ਕਰਵਾਏ ਗਏ ਰਾਸ਼ਟਰੀ ਸੈਮੀਨਾਰ ''**ਪੰਜਾਬੀ ਵਾਰਤਕ ਪ੍ਰਾਪਤੀਆਂ ਅਤੇ ਸੰਭਾਵਨਾਵਾਂ**'' **ਵਿੱਚ ਪੰਜਾਬੀ ਭਾਸ਼ਾ ਵਿੱਚ ਅਨੁਵਾਦਿਤ ਸਵੈ ਜੀਵਨੀਆਂ: ਸਥਿਤੀ ਅਤੇ ਸੰਭਾਵਨਾਵਾਂ"** ਵਿਸ਼ੇ 'ਤੇ ਖੋਜ ਪੱਤਰ ਪੇਸ਼ ਕੀਤਾ ਅਤੇ ਇਸੇ ਹੀ ਸੈਮੀਨਾਰ ਵਿੱਚ ਪ੍ਰੋ. ਕੁਲਦੀਪ ਸਿੰਘ ਨੇ ''**ਜਨਮ ਸਾਖੀਆਂ ਵਿੱਚ ਲੋਕ ਕਥਾਨਕ ਰੂੜੀਆਂ :ਇੱਕ ਵਿਸ਼ਲੇਸ਼ਣ"** ਵਿਸ਼ੇ 'ਤੇ ਪੇਪਰ ਪੜ੍ਹਿਆ ।

**ਡਾ. ਸਰਬਜੀਤ ਸਿੰਘ** ਨੇ 21 ਮਾਰਚ 2018 ਵਿਚ ਗੁਰੂ ਹਰਗੋਬਿੰਦ ਸਾਹਿਬ ਖਾਲਸਾ ਗਰਲਜ ਕਾਲਜ ਕਰਹਾਲੀ ਸਾਹਿਬ ਵੱਲੋਂ ਕਰਵਾਏ ਗਏ ਰਾਸ਼ਟਰੀ ਸੈਮੀਨਾਰ ਵਿਚ "**ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਰੂਪ (ਨਾਨਕ ਬਾਣੀ ਦੇ ਪ੍ਰਸੰਗ ਵਿਚ)** ਵਿਸ਼ੇ 'ਤੇ ਅਤੇ **ਡਾ. ਗੁਰਵੀਰ ਸਿੰਘ** ਨੇ "Sikh Ideology of Universal Peace" ਵਿਸ਼ੇ 'ਤੇ ਪੇਪਰ ਪੜ੍ਹਿਆ ।

**ਡਾ. ਅਕਸ਼ਤਿਾ ਧਾਲੀਵਾਲ** ਨੇ 10 ਮਾਰਚ 2018 ਨੂੰ ਜੀ. ਐੱਮ. ਐਨ ਪੀ.ਜੀ. ਕਾਲਜ, ਅੰਬਾਲਾ ਕੈਂਟ ਵਿਖੇ ਕਰਵਾਏ ਇੱਕ ਰੋਜਾ ਰਾਸ਼ਟਰੀ ਸੈਮੀਨਾਰ Emerging Trends And Challenges In Biosciences ਵਿਚ **"Polyploidy: An Evolutionary Phenomenon In Family Poaceae"** ਵਿਸ਼ੇ 'ਤੇ ਖੋਜ ਪੱਤਰ ਪੇਸ਼ ਕੀਤਾ ।

## 6.2 ਰਾਸ਼ਟਰੀ ਸੈਮੀਨਾਰ ਵਿੱਚ ਪੋਸਟਰ ਪੇਸ਼ਕਾਰੀ:

ਇਸ ਸੈਸ਼ਨ ਦੌਰਾਨ **ਡਾ. ਮਨਦੀਪ ਕੌਰ** ਨੇ 10 ਮਾਰਚ 2018 ਨੂੰ ਜੀ. ਐੱਮ. ਅੱਨ ਪੀ.ਜੀ. ਕਾਲਜ, ਅੰਬਾਲਾ ਕੈਂਟ ਵਿਖੇ ਕਰਵਾਏ ਇੱਕ ਰੋਜਾ ਰਾਸ਼ਟਰੀ ਸੈਮੀਨਾਰ Emerging Trends And Challenges In Biosciences ਵਿਚ **"Traditional Ethno Veterinary Practices In Naraingarh Division, Ambala District, Haryana"** ਵਿਸ਼ੇ 'ਤੇ ਅਤੇ ਐੱਮ.ਐੱਸ.ਸੀ. ਖੇਤੀਬਾੜੀ ਭਾਗ-ਪਹਿਲਾ ਦੇ **ਵਿਦਿਆਰਥੀ ਗੁਰਜਿੰਦਰ ਸਿੰਘ** ਨੇ "**Impact Of Plant Growth Regulators On Patato Seed Production**" ਵਿਸ਼ੇ 'ਤੇ ਪੋਸਟਰ ਪੇਸ਼ ਕੀਤਾ

## 6.3 ਅਧਿਆਪਕਾਂ ਵੱਲੋਂ ਵਰਕਸ਼ਾਪਾਂ ਵਿੱਚ ਸ਼ਮੂਲੀਅਤ:

ਇਸ ਸੈਸ਼ਨ ਦੌਰਾਨ **ਪ੍ਰੋ. ਰਾਜਵਿੰਦਰ ਕੌਰ, ਡਾ.ਜੈਸਮੀਨ ਟਿਵਾਣਾ, ਪ੍ਰੋ. ਤ੍ਰਿਪਤ ਕੌਰ** ਅਤੇ **ਪ੍ਰੋਫੈਸਰ ਸਪਨਾ** ਨੇ 18 -19 ਮਾਰਚ 2017 ਨੂੰ ਖ਼ਾਲਸਾ ਕਾਲਜ ਪਟਿਆਲਾ ਵੱਲੋਂ **ਬ੍ਰਿਟਿਸ਼ ਹਾਈ ਕਮਿਸ਼ਨ** ਦੇ ਸਹਿਯੋਗ ਨਾਲ ਆਯੋਜਿਤ ਦੋ ਰੋਜ਼ਾ ਵਰਕਸ਼ਾਪ ਵਿੱਚ ਅਤੇ 9 ਅਕਤੂਬਰ 2017 ਨੂੰ ਕਾਲਜ ਵੱਲੋਂ ਆਯੋਜਿਤ '**ਕ੍ਰਿਟੀਕਲ ਥਿੰਕਿੰਗ ਇਨ ਟੀਚਿੰਗ ਆਫ਼ ਕਾਮਰਸ ਐਂਡ ਮੈਨੇਜਮੈਂਟ ਐਜੂਕੇਸ਼ਨ**' ਵਿਸ਼ੇ ਤੇ ਹੋਈ ਇੱਕ ਰੋਜ਼ਾ ਅੰਤਰਰਾਸ਼ਟਰੀ ਵਰਕਸ਼ਾਪ ਵਿੱਚ ਭਾਗ ਲਿਆ।

**ਪ੍ਰੋ. ਸੰਦੀਪ ਚਹਿਲ, ਡਾ. ਨਿਪੁੰਨਜੋਤ ਕੌਰ, ਪ੍ਰੋ. ਨਮਰਤਾ, ਡਾ. ਸਰਬਜੀਤ ਸਿੰਘ ਆਹਲੂਵਾਲੀਆ ,ਪ੍ਰੋ. ਹਰਪ੍ਰੀਤ ਕੌਰ ਪ੍ਰੋ, ਰਾਸ਼ੀ ਬਾਂਸਲ, ਡਾ. ਮਨਵਿੰਦਰ ਕੋਰ, ਡਾ. ਬਲਜਿੰਦਰ ਕੌਰ ਡਾ. ਪਰਮਪ੍ਰੀਤ ਕੌਰ, ਡਾ. ਗੁਰਵੀਰ ਸਿੰਘ, ਪ੍ਰੋ. ਲਖਵਿੰਦਰ ਸਿੰਘ** ਅਤੇ **ਡਾ. ਹੀਨਾ** ਨੇ 18-24 ਦਸੰਬਰ 2017 ਵਿੱਚ ਖਾਲਸਾ ਕਾਲਜ ਪਟਿਆਲਾ ਵੱਲੋਂ ਆਯੋਜਿਤ '**ਸੱਤ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ**' ਵਿੱਚ ਹਿੱਸਾ ਲਿਆ ।

**ਡਾ. ਨਿਪੁੰਨਜੋਤ ਕੌਰ** ਅਤੇ **ਡਾ. ਹਰਪ੍ਰੀਤ ਕੌਰ** ਨੇ 8-9 ਜਨਵਰੀ 2018 ਨੂੰ Agriculture Sector Skill Council Of India Gurgaon Haryana ਵੱਲੋਂ ਆਯੋਜਿਤ ਵਰਕਸ਼ਾਪ **"Curriculum Alignment"** ਵਿਸ਼ੇ ਤੇ ਵਰਕਸ਼ਾਪ ਲਗਾਈ ।

## 7. ਅਧਿਆਪਕਾਂ ਵੱਲੋਂ ਪ੍ਰਕਾਸ਼ਿਤ ਖੋਜ ਪੁਸਤਕਾਂ:

ਇਸ ਸੈਸ਼ਨ ਦੌਰਾਨ **ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ** ਦੀਆਂ ਦੋ ਪੁਸਤਕਾਂ '**ਤੇਰੀ ਆਗੋਸ਼ ਵਿੱਚ**' ਅਤੇ '**Agricultural Accounting In India**' ਵਿਸ਼ੇ 'ਤੇ ਪ੍ਰਕਾਸ਼ਤਿ ਹੋਈਆਂ ।

**ਪ੍ਰੋ. ਜਸਪ੍ਰੀਤ ਕੌਰ, ਡਾ. ਰੂਬਲ ਬਰਾੜ, ਪ੍ਰੋ.ਨਵਦੀਪ ਕੌਰ** ਤੇ **ਡਾ. ਆਇਸ਼ਾ ਖੋਸਲਾ** ਨੇ ਸਾਂਝੇ ਤੌਰ ਤੇ ਦੋ ਪਾਠ ਪੁਸਤਕਾਂ '**Diverse Voices**' ਅਤੇ '**All Time Stories**' ਦਾ ਸੰਪਾਦਨ ਕੀਤਾ ।

**ਡਾ.ਸਰਬਜੀਤ ਸਿੰਘ ਆਹਲੂਵਾਲੀਆਂ** ਨੇ ਡਾ. ਆਰ. ਗਰਗ ਅਤੇ ਅਨਿਲ ਸ਼ਰਮਾ ਨਾਲ ਸੰਯੁਕਤ ਤੌਰ ਤੇ ਸਪਰਿੰਗਰ ਯੂ.ਐੱਸ.ਏ ਵੱਲੋਂ ਛਾਪੀ ਕਿਤਾਬ "**ਅਡਵਾਂਸ ਇਨਵਾਇਰਮੈਂਟ ਬਾਇਓਟੈਕਨਾਲੋਜੀ**" ਦਾ ਸੰਪਾਦਨ ਕੀਤਾ।

**ਡਾ. ਅੰਜੂ ਖੁੱਲਰ** ਅਤੇ ਰਵੀ ਸ਼ਰਮਾ ਦੀ "**ਆਰਗੈਨਿਕ ਕੈਮਿਸਟਰੀ**" ਵਿਸ਼ੇ 'ਤੇ ਇੱਕ ਕਿਤਾਬ ਕਪਿਲਾ ਪਬਲੀਕੇਸ਼ਨ ਜਲੰਧਰ ਵੱਲੋਂ ਪ੍ਰਕਾਸ਼ਿਤ ਕੀਤੀ ਗਈ ।

**ਪ੍ਰੋ. ਇੰਦਰਬੀਰ ਕੌਰ** ਦੀ ਕਿਤਾਬ ਅਪ੍ਰੈਲ 2017 ਵਿੱਚ **"Data Mining And Data Warchouing: Concept, Techniques And App"** ਵਿਸ਼ੇ 'ਤੇ ਪ੍ਰਕਾਸ਼ਿਤ ਹੋਈ ।

**ਪ੍ਰੋ. ਨਰਿੰਦਰ ਕੌਰ** ਦੀਆਂ ਦੋ ਕਿਤਾਬਾਂ 2017 ਵਿੱਚ **"Ordinary Differential Equation"** ਅਤੇ **"Number Theory"** ਵਿਸ਼ੇ 'ਤੇ ਪ੍ਰਕਾਸ਼ਤਿ ਹੋਈਆਂ ।

**8. ਵੱਖ ਵੱਖ ਪੁਸਤਕਾਂ/ ਮੈਗਜ਼ੀਨਾਂ ਵਿਚ ਪ੍ਰਕਾਸ਼ਿਤ ਖੋਜ ਪੇਪਰ /ਆਰਟੀਕਲ / ਚੈਪਟਰ :**

ਇਸ ਸੈਸ਼ਨ ਦੌਰਾਨ **ਡਾ. ਤਰਲੋਚਨ ਸਿੰਘ ਮਹਾਜਨ** ਦਾ ''**ਗੁਰਬਾਣੀ ਅਤੇ ਵਿਗਿਆਨ**'' ਵਿਸ਼ੇ 'ਤੇ ਲੇਖ ਜੁਲਾਈ 2017 ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਿਲੀਜ਼ ਕੀਤੀ ਗਈ ਕਿਤਾਬ **'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਵਿਗਿਆਨ'** ਵਿੱਚ ਛਪਿਆ।

**ਡਾ. ਕੁਲਦੀਪ ਕੁਮਾਰ** ਦਾ **"ਸੰਗੀਤ ਵਾਦਨ ਮੇਂ ਤਾਲ ਇਵ ਲਯ ਕਾ ਮਹੱਤਵ"** ਵਿਸ਼ੇ 'ਤੇ ਖੋਜ ਪੱਤਰ National Journal Pratibha Spandan-ISSN 2348-9197 ਵਿੱਚ ਪ੍ਰਕਾਸ਼ਿਤ ਹੋਇਆ

**ਡਾ. ਨਿਪੁੰਨਜੋਤ ਕੌਰ** ਦਾ ''**ਪਰਸਪੈਕਟਿਵ ਆਫ਼ ਬਾਇਓਰਿਐਕਟਰਜ**'' ਵਿਸ਼ੇ 'ਤੇ ਲੇਖ **ਡਾ. ਸਰਬਜੀਤ ਸਿੰਘ ਆਹਲੂਵਾਲੀਆ** ਅਤੇ **ਪ੍ਰੋ. ਅਮਨਦੀਪ ਸਿੰਘ** ਦੇ ਸਾਂਝੇ ਯਤਨਾਂ ਸਦਕਾ ਸਪਰਿੰਗਰ ਯੂ.ਐੱਸ.ਏ. ਦੀ ਕਿਤਾਬ **ਐਡਵਾਂਸਡ ਇਨ ਐਨਵਾਇਰਮੈਂਟ ਬਾਇਓਟੈਕਨਾਲੋਜੀ** ਵਿੱਚ ਛਪਿਆ ।

**ਪ੍ਰੋ. ਇੰਦਰਬੀਰ ਕੌਰ** ਦਾ ਦਸੰਬਰ 2017 ਵਿੱਚ **"Roof To Technology Implementation The Adoption Of Cloud Concept In Various Areas"** ਵਿਸ਼ੇ 'ਤੇ ਲੇਖ ਅੰਤਰਰਾਸ਼ਟਰੀ ਕਿਤਾਬ Critical Research On Scalability And Security Issue In Variable Cloud Environment ਵਿੱਚ ਪ੍ਰਕਾਸ਼ਤਿ ਹੋਇਆ ।

**ਡਾ. ਹੀਨਾ** ਦਾ ਅਸ਼ੋਕ ਕੁਮਾਰ ਮਲਿਕ ਨਾਲ ਸਾਂਝੇ ਰੂਪ ਵਿੱਚ **"Chemilumini scince"** ਵਿਸ਼ੇ 'ਤੇ ਲੇਖ ਅੰਤਰਰਾਸ਼ਟਰੀ ਕਿਤਾਬ Springer 2018 ਵਿੱਚ ਪ੍ਰਕਾਸ਼ਿਤ ਹੋਇਆ ।

**ਡਾ. ਮਨਦੀਪ ਕੌਰ** ਦਾ 2017 ਵਿੱਚ ਇੱਕ ਲੇਖ **"Traditional Ethnobotanical Practices Used For Respiratory Disorders In Ambala District, Haryana"** ਵਿਸ਼ੇ 'ਤੇ ਕਿਤਾਬ "Trends In Plant Sciences" 2017. Books Arcade, Global Printing Services, Delhi. ISSBN-10: 0-93-86932-20-4. ਵਿੱਚ ਪ੍ਰਕਾਸ਼ਿਤ ਹੋਇਆ ।

**9. ਅਧਿਆਪਕਾਂ ਦੇ ਅੰਤਰਰਾਸ਼ਟਰੀ ਜਰਨਲਾਂ ਵਿੱਚ ਪ੍ਰਕਾਸ਼ਿਤ ਖੋਜ ਪੱਤਰ :**

ਇਸ ਸੈਸ਼ਨ ਦੌਰਾਨ **ਪ੍ਰੋ. ਸੁਨੀਲ ਕੁਮਾਰ ਮਹਿਤਾ** ਦਾ **"A New Approach To Solve Fully Fuzzy Transportation Problem"** ਵਿਸ਼ੇ 'ਤੇ ਖੋਜ ਪੱਤਰ Aryabhatta Journal Of Mathematics And Informatics -Vol 8-Issue 2 ਵਿੱਚ ਪ੍ਰਕਾਸ਼ਿਤ ਹੋਇਆ ।

**ਡਾ. ਗੁਰਮੀਤ ਸਿੰਘ** ਦਾ ਸਤੰਬਰ 2017 ਵਿੱਚ **"Fekete-Szego Inquality For A New Subclass Of Starlike Function"** ਵਿਸ਼ੇ 'ਤੇ,**"Co-Efficient Problem For A New Subclass Of Analytic Function Using Subordination"** ਵਿਸ਼ੇ 'ਤੇ, ਨਵੰਬਰ 2017 ਵਿੱਚ **"Co-Efficient Problem For A New Subclass Of Starlike Function"** ਵਿਸ਼ੇ 'ਤੇ, **"Approach To Co-Efficient Inequality For A New Subclass Of Starlike Function With Extrenals"** ਵਿਸ਼ੇ 'ਤੇ International Journal Of Research In Advent Technology ਵਿੱਚ ਅਤੇ ਦਸੰਬਰ 2017 ਵਿੱਚ **"Fekete-Szego Inquality For Subclass Of Analytic Functions Based On Generalized Derivative"** ਵਿਸ਼ੇ 'ਤੇ Aryabhatta Journal Of Mathematics And Informatics ਵਿੱਚ ਖੋਜ ਪੱਤਰ ਪ੍ਰਕਾਸ਼ਤਿ ਹੋਏ ।

**ਪ੍ਰੋ. ਸੁਖਮੀਨ ਕੌਰ** ਦਾ ਜੁਲਾਈ 2017 ਵਿੱਚ **"To Develop Web Personalization System Analysing User Browsing Behavior"** ਵਿਸ਼ੇ 'ਤੇ International Journal Of Innovative Search And Science Engineering And Technology Volume 6 Issue 7 ISSN 2347-6710 ਵਿਚ ਖੋਜ ਪੱਤਰ ਪ੍ਰਕਾਸ਼ਤਿ ਹੋਇਆ ।

**ਪ੍ਰੋ. ਰਾਜਵਿੰਦਰ ਕੌਰ** ਦਾ ਜੂਨ 2017 ਵਿੱਚ **"Employee Perceptions Regarding The E-Delivery Channel And Baking Services"** ਵਿਸ਼ੇ 'ਤੇ International Journal Of Development Studies ISSN 0975-5799 ਵਿੱਚ ਖੋਜ ਪੱਤਰ ਪ੍ਰਕਾਸ਼ਿਤ ਹੋਇਆ ।

**ਪ੍ਰੋ. ਨਮਰਤਾ** ਦਾ ਜੂਨ 2017 ਵਿੱਚ **"Ranking of heptagonal Fuzzy numbers using incentre of centroids"** ਵਿਸ਼ੇ 'ਤੇ ਖੋਜ ਪੱਤਰ ਇੰਟਰਨੈਸ਼ਨਲ ਜਨਰਲ ਆਫ ਐਡਵਾਂਸਡ ਟੈਕਨਾਲੋਜੀ ਇੰਜੀਨੀਅਰਿੰਗ ਐਂਡ ਸਾਇੰਸ ਵਿੱਚ ਪ੍ਰਕਾਸ਼ਿਤ ਹੋਇਆ ।

**ਪ੍ਰੋ. ਭਰਤ ਗੋਇਲ** ਦਾ ਜੂਨ 2017 ਵਿੱਚ **"Optimal Especially Structured And Nx2 Flow Shop Scheduling To Minimize Total Waiting Time Of Jobs Including Job Block Concept With Processing Time Separted From Set Up Time"** ਵਿਸ਼ੇ 'ਤੇ International Journal On Recent And Innovation Trends In Computing And Communication ਵਿੱਚ ਅਤੇ ਅਗਸਤ 2017 ਵਿੱਚ **"Minimization Of Total Waiting Time In Specially Structured Flow Shop Scheduling Under Fuzzy Environment With Separted Set Up Times"** ਵਿਸ਼ੇ 'ਤੇ ਖੋਜ ਪੱਤਰ International Journal On Future Revolution In Computer Science And Communication Engineering ਪ੍ਰਕਾਸ਼ਿਤ ਹੋਇਆ ।

**ਪ੍ਰੋ. ਇਮਤਿਆਜ਼ਾ ਖਾਨ** ਦੇ 2017 ਵਿੱਚ **"Ameliorative Effects Of Boerhaavia A L, On Fluoride Induced Oxidative Stress And Antioxidant Enzymes In Testis And Of Male Rats"** ਵਿਸ਼ੇ 'ਤੇ European Seminal Plasma Academic Research; 5(1): 766-96. ਅੰਤਰਰਾਸ਼ਟਰੀ ਜਨਰਲ ਵਿੱਚ, **"Alleviation Of Fluoride Induced Alterations In Antioxidant Status And Fecundity Of Spermatozoa Of Rats"** ਵਿਸ਼ੇ 'ਤੇ ਅੰਤਰਰਾਸ਼ਟਰੀ ਜਨਰਲ ਵਿਚ **"Mitigating Effect Of Punarnava (Boerhaavia Diffusa L) On Light And Scanning Electron Microscopic Alterations In Cauda Epididymis Of Fluorotic Rats"** ਵਿਸ਼ੇ 'ਤੇ European J Biomed. Pharma. Sci., 4(11): 503-509 ਅੰਤਰਰਾਸ਼ਟਰੀ ਜਨਰਲ ਵਿਚ, **"Efficacy Of Boerhaavia Diffusa L. On Disruption Of Gonadotropins And Testosterone In Fluoride Intoxicated Male Rats"** ਵਿਸ਼ੇ 'ਤੇ Asian J Pharma. Clinical Res., 10(12): 68- ਅੰਤਰਰਾਸ਼ਟਰੀ ਜਨਰਲ ਵਿਚ, ''**Boerhaavia Diffusa L. Supplementation Attenuates Fluoride Induced Testicular Impairments In Rats"** ਵਿਸ਼ੇ 'ਤੇ Arch Anat. Physiol., 2(1): 027-035. ਅੰਤਰਰਾਸ਼ਟਰੀ ਜਨਰਲ ਵਿਚ, ਪੰਜ ਖੋਜ ਪੱਤਰ ਪ੍ਰਕਾਸ਼ਿਤ ਹੋਏ।

**ਡਾ. ਅਕਸ਼ਿਤਾ ਧਾਲੀਵਾਲ** ਦੇ 2017 ਵਿੱਚ ਅੰਤਰਰਾਸ਼ਟਰੀ ਜਨਰਲ Cytologia ਵਿੱਚ **"Meiotic Studies In Some Members Of Tribe Andropogoneae (Poaceae) From Semi Desert Area Of North India".**ISSN 0011-4545 ਵਿਸ਼ੇ 'ਤੇ ਅਤੇ 2018 ਵਿੱਚ ''**Cytological Diversity In Some Members Of Tribe Agrostideae And Eragrosteae (Poaceae) From Haryana And Adjoining Shiwali Hills"**. ISSN 0011-4545. ਵਿਸ਼ੇ 'ਤੇ ਖੋਜ ਪੱਤਰ ਪ੍ਰਕਾਸ਼ਿਤ ਹੋਏ ।

**ਡਾ. ਹਿਨਾ** ਦਾ ਇਰਸ਼ਾਦ ਅਤੇ ਅਸ਼ੋਕ ਕੁਮਾਰ ਮਲਿਕ ਨਾਲ ਸਾਂਝੇ ਰੂਪ ਵਿੱਚ **"A Short Review On Cyclodextrin Inclusion Complexe: Synthesis, Characterization And Their Applications"** ਵਿਸ਼ੇ ਤੇ ਲਿਖਿਆ ਖੋਜ ਪੱਤਰ International Journal Of Advance Research In Science And Engineering, 2017,6,68, 2043-2054. ਵਿਚ ਪ੍ਰਕਾਸ਼ਿਤ ਹੋਇਆ ਅਤੇ **ਡਾ. ਹੀਨਾ** ਦਾ ਸੁਸ਼ੀਲਾ ਰਾਣੀ ਅਤੇ ਅਸ਼ੋਕ ਕੁਮਾਰ ਮਲਿਕ ਨਾਲ ਸਾਂਝੇ ਰੂਪ ਵਿੱਚ **"Direct Rapid Determination Of Trace Aluminiumin Water Samples With Quercetin By Reverse Phse High Performance Liquid Chromatography Based On Fabric Phase Sorptive Extraction Technique"** ਵਿਸ਼ੇ ਤੇ ਲਿਖਿਆ ਖੋਜ ਪੱਤਰ Journal Of Chromatographic Science 2018 ਵਿੱਚ ਛਾਪਣ ਲਈ ਸਵੀਕਾਰ ਕੀਤਾ ਗਿਆ ।

**ਪ੍ਰੋ. ਨਰਿੰਦਰ ਕੌਰ** ਦੇ ਦੋ ਖੋਜ ਪੱਤਰ ਅੰਤਰਰਾਸ਼ਟਰੀ ਜਰਨਲ International Journal Of Research In Advent Technology Volume 5 Number 8 ਵਿੱਚ **"Fekete-Szego Inquality For Certain Subclasses Of Analytic Functions"** ਅਤੇ **"Construction Of Coefficients Inquality For A New Subclasses Of Starlike Analytic Function"** ਵਿਸ਼ਿਆਂ ਤੇ ਪ੍ਰਕਾਸ਼ਤ ਹੋਏ ।

**ਡਾ. ਅੰਕੁਸ਼ੀ** ਦਾ ਵੀ.ਪੰਵਾਰ, ਐੱਨ ਸਿੰਘਲ, ਸੀ.ਡੀ. ਸ਼ਰਮਾ, ਐੱਸ. ਐੱਸ. ਰਾਏ ਅਤੇ ਏ.ਕੇ. ਚੈਟਰਜੀ ਨਾਲ ਸਾਂਝੇ ਰੂਪ ਵਿੱਚ **" Ex situ Cu(0) nanoparticles mediated SET-LRP of methyl**

**methacrylate/styrene- methyl methacrylate in biphasic tolune-water system"** ਵਿਸ਼ੇ 'ਤੇ ਅੰਤਰਰਾਸ਼ਟਰੀ ਜਨਰਲ 11191-11197 ਵਿੱਚ ਪ੍ਰਕਾਸ਼ਤਿ ਹੋਇਆ ।

## 10. ਰਾਸ਼ਟਰੀ ਜਰਨਲਾਂ ਵਿੱਚ ਪ੍ਰਕਾਸ਼ਿਤ ਖੋਜ ਪੱਤਰ :

ਇਸ ਸੈਸ਼ਨ ਦੌਰਾਨ **ਡਾ. ਮਨਦੀਪ ਕੌਰ** ਦਾ ਖੋਜ ਪੱਤਰ **"Floristic Diversity Of Ambala District, Haryana, India"** ਵਿਸ਼ੇ 'ਤੇ ਰਾਸ਼ਟਰੀ ਜਨਰਲ Plant Archives Vol. 17 No. 2. Pp. 993-1003. ISSN 0972-5210 ਵਿੱਚ ਪ੍ਰਕਾਸ਼ਤਿ ਹੋਇਆ ।

**ਪ੍ਰੋ. ਸ਼ਬਨਮ** ਦੇ ਦੋ ਲੇਖ ''**ਡਾ. ਬੀ. ਆਰ. ਅੰਬੇਦਕਰ ਕਾ ਯੋਗਦਾਨ: ਦਲਿਤਾਂ ਤੇ ਉਧਾਰ ਮੇ''**' ਵਿਸ਼ੇ 'ਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ ਵਿਸ਼ੇਸ਼ ਅੰਕ ਵਿੱਚ ਅਤੇ ''**ਕਬੀਰ ਕੇ ਕਾਵਿ ਮੈਂ ਮਾਨਵੀ ਮੁੱਲਯ'' ਵਿਸ਼ੇ 'ਤੇ ਹਿੰਦੀ ਸੰਤ ਸਾਹਿਤਯ ਕਾ ਪੁਨਰਪਾਠ"** ਜਨਰਲ ਵਿਚ ਪ੍ਰਕਾਸ਼ਿਤ ਹੋਏ।

## 11. ਅਧਿਆਪਕਾਂ ਦੀਆਂ ਹੋਰ ਪ੍ਰਾਪਤੀਆਂ :

**ਡਾ. ਮਨਦੀਪ ਕੌਰ** ਦੀ ਅਗਵਾਈ ਅਧੀਨ ਵਿਦਿਆਰਥੀਆਂ ਵੱਲੋਂ **Croton Category At Flower And Spring Show** ਵਿੱਚ **ਪਹਿਲਾ ਇਨਾਮ** ਪ੍ਰਾਪਤ ਕੀਤਾ ਗਿਆ ਜੋ ਕਿ 5-6 ਮਾਰਚ 2018 ਨੂੰ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ ਸੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵੱਲੋਂ 25-26 ਫਰਵਰੀ 2018 ਨੂੰ ਕਰਵਾਏ ਗਏ **ਫਲਾਵਰ ਸ਼ੋਅ** ਵਿੱਚ **ਪਹਿਲਾ ਅਤੇ ਦੂਸਰਾ ਸਥਾਨ** ਪ੍ਰਾਪਤ ਕੀਤਾ ।

## 12. ਅਧਿਆਪਕਾਂ ਦੁਆਰਾ ਦਿੱਤੀ ਗਈ ਜੱਜਮੈਂਟ:

ਇਸ ਸੈਸ਼ਨ ਦੌਰਾਨ **ਪ੍ਰੋ. ਸੰਦੀਪ ਚਹਿਲ** ਨੇ 26 ਫਰਵਰੀ 2018 ਨੂੰ ਹੈਰੀਟੇਜ ਫੈਸਟੀਵਲ ਦੋਰਾਨ ਸ਼ੀਸ਼ ਮਹਿਲ ਵਿਖੇ ''**ਫੋਕ ਡਾਂਸ**'' ਮੁਕਾਬਲਿਆਂ 'ਤੇ **ਜੱਜਮੈਂਟ** ਦਿੱਤੀ।

## 13. ਅਧਿਆਪਕਾਂ ਨੂੰ ਮਿਲੇ ਮਾਣ ਸਨਮਾਨ:

**ਡਾ. ਗੁਰਮੀਤ ਸਿੰਘ** ਨੂੰ 27 ਅਪ੍ਰੈਲ 2017 ਨੂੰ International Conference On Advances In Mathematics And Engineering Science-2017 ਜੋ ਚੰਡੀਗੜ੍ਹ ਵਿੱਚ ਆਯੋਜਿਤ ਹੋਈ ਵਿੱਚ **'IMRF Excellence Award 2016'** ਨਾਲ ਸਨਮਾਨਿਤ ਕੀਤਾ ਗਿਆ ।

**ਡਾ. ਹੀਨਾ** ਨੇ 2018 ਵਿੱਚ "National Conference On Recent Advances In Chemical And Environmental Sciences" ਵਿੱਚ **Young Scientist Award** ਲਈ ਭਾਗ ਲਿਆ ।

## 14. ਐਡੀਟੋਰੀਅਲ ਬੋਰਡ/ ਯੂਨੀਵਰਸਿਟੀ ਬੋਰਡ ਆਫ ਸਟੱਡੀਜ਼ ਅਤੇ ਹੋਰ ਸੰਸਥਾਵਾਂ ਦੇ ਪ੍ਰਧਾਨ ਅਤੇ ਮੈਂਬਰ ਵਜੋਂ ਅਧਿਆਪਕ ਸਾਹਿਬਾਨ:

ਇਸ ਸੈਸ਼ਨ ਦੌਰਾਨ **ਪ੍ਰੋ. ਰਾਜਦੀਪ ਸਿੰਘ ਧਾਲੀਵਾਲ** ਨੂੰ ਮਾਤਾ ਗੁਜਰੀ ਕਾਲਜ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ **ਬੋਰਡ ਆਫ਼ ਸਟੱਡੀਜ ਦਾ ਮੈਂਬਰ** ਅਤੇ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ ਦੇ ਕਮਿਊਨਿਟੀ ਕਾਲਜ ਇਨ ਗ੍ਰੀਨ ਫਾਰਮਿੰਗ ਤਕਨਾਲੋਜੀ ਦੇ ਮੈਂਬਰ ਨਿਯੁਕਤ ਕੀਤਾ ਗਿਆ।

## 15. ਕਾਲਜ ਦੇ ਅਧਿਆਪਕਾਂ ਦੁਆਰਾ ਕੀਨੋਟ ਐਡਰੈੱਸ ਅਤੇ ਚੇਅਰ ਕੀਤੇ ਗਏ ਸੈਸ਼ਨ:

ਇਸੇ ਸੈਸ਼ਨ ਦੌਰਾਨ **ਡਾ. ਤਰਲੋਚਨ ਸਿੰਘ ਮਹਾਜਨ** ਨੂੰ International Conference On Agriculture And Biological Science ਕਰਵਾਉਣ ਲਈ **ਤਕਨੀਕੀ ਕਮੇਟੀ ਵਿੱਚ ਮੈਂਬਰ** ਵਜੋਂ ਸ਼ਾਮਿਲ ਕੀਤਾ ਗਿਆ ।

**ਡਾ. ਗੁਰਮੀਤ ਸਿੰਘ** ਨੇ ਅਕਤੂਬਰ 2017 ਵਿੱਚ Asian Institute Of Technology Bangkok, Thailand ਵੱਲੋਂ ਕਰਵਾਈ ਗਈ ਕਾਨਫਰੰਸ ਵਿੱਚ ''**Co-Efficient Problem For A New Subclass Of Analytic Functions Using Subordination"** ਵਿਸ਼ੇ ਤੇ **ਕੀ ਨੋਟ** ਪੇਸ਼ ਕੀਤਾ ਅਤੇ ਇਸੇ ਵਿੱਚ **ਚੇਅਰਪਰਸਨ** ਦੀ ਭੂਮਿਕਾ ਵੀ ਨਿਭਾਈ ।

**16. ਕਾਲਜ ਵੱਲੋਂ ਕਰਵਾਏ ਗਏ ਲੈਕਚਰ/ਕਾਲਜ ਦੇ ਅਧਿਆਪਕਾਂ ਦੁਆਰਾ ਦਿੱਤੇ ਗਏ ਲੈਕਚਰ:**

**16.1 ਕਾਲਜ ਵੱਲੋਂ ਕਰਵਾਏ ਗਏ ਲੈਕਚਰ:**

**ਇਸ ਸੈਸ਼ਨ ਦੌਰਾਨ ਕਾਲਜ ਦੇ ਵੱਖ ਵੱਖ ਵਿਭਾਗਾਂ ਵੱਲੋਂ ਹੇਠ ਲਿਖੇ 45 ਲੈਕਚਰ ਕਰਵਾਏ ਗਏ :**

**16.1.1 ਗਰੀਨ ਹਾਊਸ ਟੈਕਨਾਲੋਜੀ ਵਿਭਾਗ (ਦੀਨ ਦਿਆਲ ਉਪਾਧਿਆਇ ਕੌਸਲ ਕੇਂਦਰ) ਵੱਲੋਂ 10 ਲੈਕਚਰ ਕਰਵਾਏ ਗਏ:**

ਮਿਤੀ 25 ਅਪਰੈਲ, 2017 ਨੂੰ **ਡਾ. ਭੁਪਿੰਦਰ ਸਿੰਘ**, ਸਾਬਕਾ ਐਸ.ਐਮ. ਇਲਾਹਾਬਾਦ ਬੈਂਕ ਅਤੇ ਅਸਿਸਟੈਂਟ ਪ੍ਰੋਫੈਸਰ, ਆਰ.ਆਈ.ਐਮ.ਟੀ. ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ, ਦਾ ਵਿਦਿਆਰਥੀਆਂ ਲਈ **Financial Literacy in Agriculture** ਵਿਸ਼ੇ 'ਤੇ ਲੈਕਚਰ ਅਤੇ **ਡਾ. ਅਖਲੇਸ਼ ਕੁਮਾਰ**, ਫਾਊਂਡਰ ਅਤੇ ਸੀ.ਈ.ਓ., ਐਡਿਨ ਹਾਰਟੀਕਲਚਰ ਸਰਵਿਸ, ਕਰਨਾਲ, ਹਰਿਆਣਾ, ਦਾ ਵਿਦਿਆਰਥੀਆਂ ਲਈ **ਫਾਰਮ ਟੂ ਫੋਰਕ ਕਾਨਸੈਪਟ ਐਂਡ ਐਗਜ਼ੀਕਿਊਸ਼ਨ ਇਨ ਪ੍ਰੋਟੈਕਟਿਡ ਕਲਟੀਵੇਸ਼ਨ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 11 ਸਤੰਬਰ, 2017 ਨੂੰ **ਡਾ. ਜੁਝਾਰ ਸਿੰਘ**, ਅਸਿਸਟੈਂਟ ਪ੍ਰੋਫੈਸਰ ਐਂਡ ਮੁੱਖੀ ਡਿਪਾਰਟਮੈਂਟ ਆਫ਼ ਐਗਰੀਕਲਚਰ, ਗੁਰੂ ਤੇਗ ਬਹਾਦਰ ਕਾਲਜ, ਆਨੰਦਪੁਰ ਸਾਹਿਬ, ਦਾ ਵਿਦਿਆਰਥੀਆਂ ਲਈ **ਮਾਇਕਰੋ ਇਰੀਗੇਸ਼ਨ ਟੈਕਨਾਲੋਜੀ** ਵਿਸ਼ੇ 'ਤੇ ਲੈਕਚਰ ਅਤੇ **ਡਾ. ਅਖਲੇਸ਼ ਕੁਮਾਰ** ਫਾਊਂਡਰ ਅਤੇ ਸੀ.ਈ.ਓ., ਐਡਿਨ ਹਾਰਟੀਕਲਚਰ ਸਰਵਿਸ, ਕਰਨਾਲ, ਹਰਿਆਣਾ ਦਾ ਵਿਦਿਆਰਥੀਆਂ ਲਈ **ਆਰਟ ਆਫ਼ ਪ੍ਰੋਟੈਕਟਿਡ ਕਲਟੀਵੇਸ਼ਨ ਫਾਰ ਐਗਜ਼ਆਇਟਿਕ ਵੈਜੀਟੇਬਲ ਕਲਟੀਵੇਸ਼ਨ ਐਂਡ ਸ਼ਾਰਪਨਿੰਗ ਦ ਫਿਊਚਰ ਆਫ਼ ਐਗਰੀਕਲਚਰ ਐਕਸਟੈਂਸ਼ਨ ਥਰੂ ਡਿਜੀਟਲ ਪਲੇਟਫਾਰਮ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 22 ਸਤੰਬਰ, 2017 ਨੂੰ **ਡਾ. ਆਰ.ਸੀ. ਗੁਪਤਾ**, ਪ੍ਰੋਫੈਸਰ, ਬਾਟਨੀ ਡਿਪਾਰਟਮੈਂਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਾ ਵਿਦਿਆਰਥੀਆਂ ਲਈ **ਐਵਿਲਿਊਸ਼ਨ ਆਫ਼ ਜੀਨ ਕਾਨਸੈਪਟ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 17 ਨਵੰਬਰ, 2017 ਨੂੰ **ਸ. ਜਸਵੀਰ ਸਿੰਘ** ਦਾ ਵਿਦਿਆਰਥੀਆਂ ਲਈ **ਸਪਰਿੰਕਲਰ ਇਰੀਗੇਸ਼ਨ, ਕੰਪੋਨੈਂਟ ਐਂਡ ਪਰਫਾਰਮੈਂਸ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 20 ਨਵੰਬਰ, 2017 ਨੂੰ **ਪ੍ਰੋ. ਕਮਲੇਸ਼ ਕੁਮਾਰ** ਦਾ ਵਿਦਿਆਰਥੀਆਂ ਲਈ **ਡਰਿਪ ਇਰੀਗੇਸ਼ਨ: ਇਫੈਕਟ ਆਨ ਵਾਟਰ, ਯੂਜ, ਐਂਫੀਸੈਂਸੀ ਐਜ਼ ਵੈਲ ਐਜ਼ ਪਲਾਂਟ ਵਾਟਰ ਰਿਲੇਸ਼ਨਸ਼ਿਪ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 20 ਨਵੰਬਰ, 2017 ਨੂੰ **ਪ੍ਰੋ. ਮਹਿੰਦਰ ਲਾਲ** ਦਾ ਵਿਦਿਆਰਥੀਆਂ ਲਈ **ਕਲਾਸੀਫੀਕੇਸ਼ਨ ਆਫ਼ ਮਾਈਕਰੋ ਈਰੀਗੇਸ਼ਨ ਸਿਸਟਮ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 21 ਨਵੰਬਰ, 2017 ਨੂੰ **ਡਾ. ਜਸ਼ਨਜੋਤ ਕੌਰ** ਦਾ ਵਿਦਿਆਰਥੀਆਂ ਲਈ **ਐਡਵਾਂਟੇਜ ਆਫ਼ ਡਰਿਪ ਐਂਡ ਸਪਰਿੰਕਲਰ ਇਰੀਗੇਸ਼ਨ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 06 ਫਰਵਰੀ, 2018 ਨੂੰ **ਡਾ. ਸ਼ਤੀਸ਼ ਨਰੂਲਾ** ਦਾ ਵਿਦਿਆਰਥੀਆਂ ਲਈ **ਸੀਡ ਪ੍ਰੋਟੈਕਸ਼ਨ, ਕਲਾਸੀਫੀਕੇਸ਼ਨ ਆਫ਼ ਸੀਡ, ਸੀਡ ਹੈਲਥ ਅਤੇ ਮਿਨੀਮਮ ਸੀਡ ਸਰਟੀਫਿਕੇਸ਼ਨ ਸਟੈਂਡਰਡ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

**16.1.2 ਬੀ.ਵਾਕ. ਐਗਰੀਕਲਚਰ ਵਿਭਾਗ ਦੁਆਰਾ 08 ਲੈਕਚਰ ਕਰਵਾਏ ਗਏ:**

ਮਿਤੀ 26 ਮਾਰਚ, 2017 ਨੂੰ **ਡਾ. ਜਸਵੀਰ ਸਿੰਘ**, ਪ੍ਰਾਣੀ ਵਿਗਿਆਨ ਅਤੇ ਵਾਤਾਵਰਣ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਵਿਦਿਆਰਥੀਆਂ ਲਈ **ਮਿੱਟੀ ਦਾ ਪਤਨ ਅਤੇ ਸੋਕਾ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 25 ਅਪਰੈਲ, 2017 ਨੂੰ **ਡਾ. ਭੁਪਿੰਦਰ ਸਿੰਘ**, ਸਾਬਕਾ ਸੀਨੀਅਰ ਮੈਨੇਜਰ, ਇਲਾਹਾਬਾਦ ਬੈਂਕ ਅਤੇ ਅਸਿਸਟੈਂਟ ਪ੍ਰੋਫੈਸਰ ਰਿਮਟ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਦਾ ਵਿਦਿਆਰਥੀਆਂ ਲਈ **ਖੇਤੀਬਾੜੀ ਵਿਚ ਵਿੱਤੀ ਸਾਖ਼ਰਤਾ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਮਿਤੀ 11 ਸਤੰਬਰ, 2017 ਨੂੰ **ਡਾ. ਜੁਝਾਰ ਸਿੰਘ**, ਅਸਿਸਟੈਂਟ ਪ੍ਰੋਫੈਸਰ ਅਤੇ ਮੁਖੀ, ਖੇਤੀਬਾੜੀ ਵਿਭਾਗ, ਗੁਰੂ ਤੇਗ ਬਹਾਦਰ ਕਾਲਜ, ਆਨੰਦਪੁਰ ਸਾਹਿਬ, ਦਾ ਵਿਦਿਆਰਥੀਆਂ ਲਈ **ਸੂਖ਼ਮ ਸਿੰਚਾਈ ਟੈਕਨਾਲੋਜੀ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਮਿਤੀ 17 ਨਵੰਬਰ,

2017 ਨੂੰ **ਸ. ਜਸਬੀਰ ਸਿੰਘ**, ਐਡਜੇਕੰਟ ਫੈਕਲਟੀ, ਦਾ ਵਿਦਿਆਰਥੀਆਂ ਲਈ **ਫੁਆਰਾ ਸਿੰਚਾਈ, ਭਾਗ ਅਤੇ ਪ੍ਰਦਰਸ਼ਨ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਮਿਤੀ 20 ਨਵੰਬਰ, 2017 ਨੂੰ **ਸ੍ਰੀ ਕਮਲੇਸ਼ ਕੁਮਾਰ**, ਪੀ.ਜੀ.ਡਿਪਾਰਟਮੈਂਟ ਆਫ਼ ਐਗਰੀਕਲਚਰ ਦਾ ਵਿਦਿਆਰਥੀਆਂ ਲਈ **ਤੁਬਕਾ ਸਿੰਚਾਈ ਦਾ ਫਸਲਾਂ 'ਤੇ ਪ੍ਰਭਾਵ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ ਅਤੇ **ਪ੍ਰੋ. ਮਹਿੰਦਰ ਲਾਲ**, ਪੀ.ਜੀ. ਡਿਪਾਰਟਮੈਂਟ ਆਫ਼ ਐਗਰੀਕਲਚਰ, ਦਾ ਵਿਦਿਆਰਥੀਆਂ ਲਈ **ਤੁਪਕਾ ਸਿੰਚਾਈ ਸਿਸਟਮ ਦਾ ਵਰਗੀਕਰਨ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਮਿਤੀ 21 ਨਵੰਬਰ, 2017 ਨੂੰ **ਡਾ. ਜਸ਼ਨਜੋਤ ਕੌਰ**, ਅਸਿਸਟੈਂਟ ਪ੍ਰੋਫੈਸਰ ਐਗਰੋਨੋਮੀ, ਪੀ.ਜੀ.ਡਿਪਾਰਟਮੈਂਟ ਆਫ਼ ਐਗਰੀਕਲਚਰ ਦਾ ਵਿਦਿਆਰਥੀਆਂ ਲਈ **ਸੂਖ਼ਮ ਸਿੰਚਾਈ ਦੇ ਲਾਭ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ ਅਤੇ ਮਿਤੀ 06 ਫਰਵਰੀ, 2018 ਨੂੰ **ਡਾ. ਸ਼ਤੀਸ਼ ਨਰੂਲਾ**, ਸਾਬਕਾ ਸੀਨੀਅਰ ਬਾਗਬਾਨੀ ਮਾਹਿਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਦਾ ਵਿਦਿਆਰਥੀਆਂ ਲਈ **ਬੀਜਾਂ ਦੀ ਪੈਦਾਵਾਰ, ਉਨ੍ਹਾਂ ਦੇ ਵਰਗੀਕਰਨ, ਬੀਜਾਂ ਦੀ ਸਿਹਤ ਅਤੇ ਬੀਜਾਂ ਦੇ ਮਾਪਕ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

### 16.1.3 ਬੀ.ਵਾਕ. ਫੂਡ ਪ੍ਰੋਸੈਸਿੰਗ ਅਤੇ ਇੰਜੀਨੀਅਰਿੰਗ ਵਿਭਾਗ ਦੁਆਰਾ 06 ਲੈਕਚਰ ਕਰਵਾਏ ਗਏ:

ਮਿਤੀ 7 ਫਰਵਰੀ, 2017 ਨੂੰ **ਅਰਵਿੰਦ ਟੰਡਨ**, ਸੀਨੀਅਰ ਕੁਆਲਟੀ ਐਗਜ਼ੀਕਿਊਟਿਵ ਹਿੰਦੁਸਤਾਨ ਯੂਨੀਲੀਵਰ ਲਿਮਟਿਡ, ਰਾਜਪੁਰਾ, ਦਾ ਵਿਦਿਆਰਥੀਆਂ ਲਈ **ਭੋਜਨ ਕਾਨੂੰਨ ਅਤੇ ਭੋਜਨ ਉਦਯੋਗ ਵਿਚ ਮੁੱਢਲੀ ਗੁਣਾਤਮ ਜਾਣਕਾਰੀ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਮਿਤੀ 9 ਫਰਵਰੀ, 2017 ਨੂੰ **ਡਾ. ਭੁਪਿੰਦਰ ਸਿੰਘ ਖਟਕੜ**, ਪ੍ਰੋਫੈਸਰ ਡਿਪਾਰਟਮੈਂਟ ਆਫ਼ ਫੂਡ ਟੈਕਨਾਲੋਜੀ ਨੇ ਫੂਡ ਪ੍ਰੋਸੈਸਿੰਗ ਸੈਕਟਰ **ਚੈਲੰਜਿਜ਼ ਐਂਡ ਆਪਰਚੂਨਿਟੀਜ਼** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਮਿਤੀ 5 ਸਤੰਬਰ, 2017 ਨੂੰ **ਸ੍ਰੀ ਕਾਕਾ ਰਾਮ ਵਰਮਾ** ਜਿਲ੍ਹਾ ਟ੍ਰੇਨਿੰਗ ਸੁਪਰਵਾਈਜ਼ਰ ਰਿਟਾਇਰਡ ਪ੍ਰਧਾਨ ਇੰਡੀਅਨ ਰੈੱਡ ਕਰਾਸ ਸੁਸਾਇਟੀ ਫਸਟ ਏਡ ਸੇਫਟੀ ਐਂਡ ਹੈਲਥ ਮਿਸ਼ਨ ਪਟਿਆਲਾ ਦਾ ਵਿਦਿਆਰਥੀਆਂ ਲਈ **ਦਿਲ ਦਾ ਦੌਰਾ ਪੈਣ 'ਤੇ ਦਿੱਤੀ ਜਾਣ ਵਾਲੀ ਮੁਢਲੀ ਸਹਾਇਤਾ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਮਿਤੀ 7 ਸਤੰਬਰ, 2017 ਨੂੰ **ਡਾ. ਰਜਿੰਦਰ ਸਿੰਘ ਬਲਗੀਰ** ਦਾ ਵਿਦਿਆਰਥੀਆਂ ਲਈ ਪੋਸ਼ਟਿਕ ਹਫਤੇ (1-7 ਸਤੰਬਰ) ਦੌਰਾਨ **ਪੋਸ਼ਟਿਕ ਤੇ ਸੰਤੁਲਿਤ ਖੁਰਾਕ** ਵਿਸ਼ੇ ਤੇ ਲੈਕਚਰ ਕਰਵਾਇਆ ਗਿਆ। ਮਿਤੀ 8 ਸਤੰਬਰ, 2017 ਨੂੰ **ਸ੍ਰੀ ਅਰੁਣ ਕੁਮਾਰ ਦੱਤ**, ਕੁਆਲਟੀ ਐਸ਼ੋਰੈਂਸ ਮੈਨੇਜਰ ਕੋਕਾ ਕੋਲਾ ਇੰਡੀਆ ਲਿਮਟਿਡ ਜੰਮੂ ਦਾ ਵਿਦਿਆਰਥੀਆਂ ਲਈ **ਫੂਡ ਸੇਫਟੀ ਸਟੈਂਡਰਜ਼** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ ਅਤੇ ਮਿਤੀ 14 ਸਤੰਬਰ, 2017 ਨੂੰ **ਡਾ. ਅਰੁਣਾ ਭਾਟੀਆ**, ਪ੍ਰੋਫੈਸਰ ਬਾਇਓਟੈਕਨਾਲੋਜੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਵਿਦਿਆਰਥੀਆਂ ਲਈ **ਰੋਲ ਆਫ਼ ਮਾਇਕਰੋਆਰਗੇਨਿਜ਼ਮਜ਼ ਇਨ ਫੂਡ ਇੰਡਸਟਰੀ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

### 16.1.4 ਬੀ.ਵਾਕ. ਆਟੋ ਮੋਬਾਇਲ ਐਂਡ ਐਡਵਾਂਸਡ ਡਿਪਲੋਮਾ ਇਨ ਆਟੋ ਇਲੈਕਟ੍ਰੀਕਲ ਅਤੇ ਇਲੈਕਟ੍ਰਾਨਿਕਸ ਵਿਭਾਗ ਦੁਆਰਾ 04 ਲੈਕਚਰ ਕਰਵਾਏ ਗਏ:

ਮਿਤੀ 12 ਫਰਵਰੀ, 2017 ਨੂੰ ਇੰਜਨੀਅਰ ਸਤਪਾਲ ਸਿੰਘ, ਅਸਿਸਟੈਂਟ ਪ੍ਰੋਫੈਸਰ, ਥਾਪਰ ਯੂਨੀਵਰਸਿਟੀ, ਪਟਿਆਲਾ ਦਾ ਵਿਦਿਆਰਥੀਆਂ ਲਈ **ਆਟੋ ਮੋਬਾਇਲਜ਼** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।ਮਿਤੀ 4 ਸਤੰਬਰ, 2017 ਨੂੰ **ਇੰਜਨੀਅਰ ਪ੍ਰਤਾਪ ਸਿੰਘ ਸਮਰਾ** ਦਾ ਵਿਦਿਆਰਥੀਆਂ ਲਈ **ਆਟੋ ਮੋਬਾਇਲ ਵਿਚ ਨਵੀਆਂ ਤਕਨੀਕਾਂ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਮਿਤੀ 2 ਫਰਵਰੀ, 2018 ਨੂੰ **ਡਾ. ਕੰਵਰਪ੍ਰੀਤ ਸਿੰਘ**, ਸਹਾਇਕ ਪ੍ਰੋਫੈਸਰ, ਮਕੈਨੀਕਲ ਇੰਜੀਨੀਅਰਿੰਗ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਵਿਦਿਆਰਥੀਆਂ ਲਈ **ਇੰਡਸਟ੍ਰੀਅਲ ਇੰਜਨੀਅਰਿੰਗ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ ਅਤੇ ਮਿਤੀ 15 ਫਰਵਰੀ, 2018 ਨੂੰ **ਸ੍ਰੀ ਅਸ਼ੀਸ ਮੈਨੇਜਰ**, ਹੀਰਾ ਆਟੋ ਮੋਬਾਇਲਜ਼, ਦਾ ਵਿਦਿਆਰਥੀਆਂ ਲਈ **ਸੜਕ ਸੁਰੱਖਿਆ ਅਤੇ ਜਾਗਰੂਕਤਾ** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

**16.1.5 ਪੋਸਟ ਗ੍ਰੈਜੂਏਟ ਖੇਤੀਬਾੜੀ ਵਿਭਾਗ ਦੁਆਰਾ 02 ਲੈਕਚਰ ਕਰਵਾਏ ਗਏ:**

ਮਿਤੀ 22 ਸਤੰਬਰ, 2017 ਨੂੰ ਇਸ ਵਿਭਾਗ ਅਧੀਨ ਚੱਲ ਰਹੀ ਬੋਟੈਨੀਕਲ ਸੁਸਾਇਟੀ ਵੱਲੋਂ **ਡਾ. ਆਰ.ਸੀ.ਗੁਪਤਾ**, ਪ੍ਰੋਫੈਸਰ, ਬਨਸਪਤੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ **ਦ ਐਵੋਲਿਊਸ਼ਨ ਆਫ਼ ਜੀਨ ਕਨਸੈਪਟ** ਵਿਸ਼ੇ 'ਤੇ ਵਿਦਿਆਰਥੀਆਂ ਲਈ ਲੈਕਚਰ ਕਰਵਾਇਆ ਗਿਆ।

ਮਿਤੀ 17 ਨਵੰਬਰ, 2017 ਨੂੰ ਇਸੇ ਸੁਸਾਇਟੀ ਵੱਲੋਂ **ਡਾ. ਗੁਰਬਖ਼ਸ਼ ਸਿੰਘ**, ਐਸੋਸੀਏਟ ਪ੍ਰੋਫੈਸਰ ਅਤੇ ਐਗਰੋਨੋਮਿਸਟ, ਖੇਤੀਬਾੜੀ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ ਦਾ **ਰੀਸੈਂਟ ਟ੍ਰੈਂਡਜ਼ ਇਨ ਐਗਰੋਨੋਮੀ** ਵਿਸ਼ੇ 'ਤੇ ਵਿਦਿਆਰਥੀਆਂ ਲਈ ਲੈਕਚਰ ਕਰਵਾਇਆ ਗਿਆ।

**16.1.6 ਬੀ.ਵਾਕ. ਸਾਫਟਵੇਅਰ ਡਿਵੈਲਪਮੈਂਟ ਵਿਭਾਗ ਦੁਆਰਾ 02 ਲੈਕਚਰ ਕਰਵਾਏ ਗਏ:**

ਮਿਤੀ 2 ਫਰਵਰੀ, 2018 ਨੂੰ ਵਿਭਾਗ ਵੱਲੋਂ **ਇੰਜਨੀਅਰ ਪਰਮਪ੍ਰੀਤ ਸਿੰਘ** ਅਤੇ **ਸ੍ਰੀ ਗੌਰਵ ਸ਼ਰਮਾਂ,** ਜੈੱਡ ਸਟਾਰਟ ਕੰਪਨੀ, ਪਟਿਆਲਾ ਦੇ ਵਿਦਿਆਰਥੀਆਂ ਲਈ ਇਕ ਰੋਜ਼ਾ ਵਰਕਸ਼ਾਪ ਦੌਰਾਨ **ਵਿਸਥਾਰਥ ਲੈਕਚਰ** ਕਰਵਾਏ ਗਏ।

ਮਿਤੀ 8 ਮਾਰਚ, 2017 ਨੂੰ ਵਿਦਿਆਰਥੀਆਂ ਲਈ **ਸਮਾਰਟ ਫੋਨ ਐਪਲੀਕੇਸ਼ਨ ਐਂਡ ਇੰਟਰਨੈੱਟ ਆਫ਼ ਥਿੰਗਜ਼** ਵਿਸ਼ੇ 'ਤੇ ਲੈਕਚਰ ਕਰਵਾਏ ਗਏ।

**16.1.7 ਕਾਲਜ ਦੇ ਹੋਰਨਾਂ ਵਿਭਾਗਾਂ ਵੱਲੋਂ ਵੀ ਸਮੇਂ-ਸਮੇਂ 'ਤੇ 13 ਲੈਕਚਰ ਕਰਵਾਏ ਗਏ:**

ਮਿਤੀ 4 ਅਗਸਤ, 2017 ਨੂੰ **ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ** ਦਾ ਸਕੂਲ ਆਫ਼ ਕਾਮਰਸ ਐਂਡ ਮੈਨੇਜਮੈਂਟ ਵਿਦਿਆਰਥੀਆਂ ਲਈ **Motivation Talk** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 13 ਸਤੰਬਰ, 2017 ਨੂੰ ਹਿੰਦੀ ਵਿਭਾਗ ਵੱਲੋਂ **ਡਾ. ਸਤੀਸ਼ ਕੁਮਾਰ ਵਰਮਾ**, ਸਾਬਕਾ ਡਾਇਰੈਕਟਰ ਯੁਵਕ ਭਲਾਈ ਕੇਂਦਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਵਿਦਿਆਰਥੀਆਂ ਲਈ **ਹਿੰਦੀ ਦਿਵਸ ਦੇ ਮੌਕੇ** 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 15 ਅਕਤੂਬਰ, 2017 ਨੂੰ ਫੈਸ਼ਨ ਡਿਜ਼ਾਇਨਿੰਗ ਅਤੇ ਹੋਮ ਸਾਇੰਸ ਵਿਭਾਗ ਵੱਲੋਂ ਵਿਦਿਆਰਥੀਆਂ ਲਈ **ਡਾ. ਪਰਮ ਬਿੰਦਰਾ**, ਡਾਈਟੀਸ਼ਿਅਨ ਅਤੇ ਨਿਊਟਰੀਸ਼ੀਅਨ ਦਾ **Healthy Living** ਵਿਸ਼ੇ 'ਤੇ ਵਿਸਥਾਰਥ ਲੈਕਚਰ ਕਰਵਾਇਆ ਗਿਆ।

ਮਿਤੀ 27 ਅਕਤੂਬਰ, 2017 ਤੋਂ 2 ਨਵੰਬਰ, 2017 ਤੱਕ ਫਿਜ਼ਿਕਸ ਵਿਭਾਗ ਵੱਲੋਂ ਵਿਦਿਆਰਥੀਆਂ ਲਈ **ਪ੍ਰੋ. ਕਰੁਣ ਵਰਮਾ**, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਵਿਭਾਗ, ਥਾਪਰ ਯੂਨੀਵਰਸਿਟੀ, ਪਟਿਆਲਾ ਦੇ ਲੈਕਚਰ ਲੜੀ ਤਹਿਤ **Latex** ਵਿਸ਼ੇ 'ਤੇ ਪੰਜ ਲੈਕਚਰ ਕਰਵਾਏ ਗਏ ਅਤੇ ਮਿਤੀ 28 ਫਰਵਰੀ, 2018 ਨੂੰ ਵਿਦਿਆਰਥੀਆਂ ਲਈ **ਪ੍ਰੋ. ਸੰਦੀਪ ਸਹਿਜਪਾਲ**, ਥਾਪਰ ਯੂਨੀਵਰਸਿਟੀ, ਪਟਿਆਲਾ ਦਾ ਅਤੇ **ਪ੍ਰੋ. ਓ.ਪੀ. ਪਾਂਡੇ**, ਸਕੂਲ ਆਫ਼ ਫਿਜ਼ਿਕਸ ਐਂਡ ਮਟੀਰੀਅਲ ਸਾਇੰਸ ਦਾ **ਨੈਸ਼ਨਲ ਸਾਇੰਸ ਡੇ** ਦੇ ਮੌਕੇ 'ਤੇ ਲੈਕਚਰ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦਾ **Poster Making Competition** ਵੀ ਕਰਵਾਇਆ ਗਿਆ।

ਮਿਤੀ 30 ਜਨਵਰੀ, 2018 ਨੂੰ ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ, ਕਲਚਰਲ ਸਟੱਡੀਜ਼ ਐਂਡ ਫੌਰਨ ਲੈਂਗੁਏਜਿਜ਼ ਵੱਲੋਂ ਵਿਦਿਆਰਥੀਆਂ ਲਈ **ਪ੍ਰੋ. ਰੋਮਿਨਾ ਸੇਠੀ**, ਡਿਪਾਰਟਮੈਂਟ ਆਫ਼ ਇੰਗਲਿਸ਼ ਐਂਡ ਕਲਚਰਲ ਸਟੱਡੀਜ਼, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ ਦਾ **The Story of Civilization** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

ਮਿਤੀ 20 ਮਾਰਚ, 2018 ਨੂੰ ਪੋਸਟ ਗ੍ਰੈਜੂਏਟ ਕੈਮਿਸਟਰੀ ਵਿਭਾਗ ਵੱਲੋਂ ਵਿਦਿਆਰਥੀਆਂ ਲਈ **ਡਾ. ਨਰਿੰਦਰ ਸਿੰਘ**, ਐਸੋਸੀਏਟ ਪ੍ਰੋਫੈਸਰ, ਆਈ.ਆਈ.ਟੀ. ਰੋਪੜ ਦਾ ਵਿਦਿਆਰਥੀਆਂ ਲਈ **ਡਿਜ਼ਾਇਨ ਐਂਡ ਸਿੰਥੀਸਿਜ਼ ਆਫ਼ ਰਿਸੈਪਟਰਸ ਫਾਰ ਕਿਮੋਸੈਂਸਰ ਐਪਲੀਕੇਸ਼ਨ** ਵਿਸ਼ੇ 'ਤੇ ਅਤੇ **ਡਾ. ਨਵਨੀਤ ਕੌਰ**, ਐਸੋਸੀਏਟ ਪ੍ਰੋਫੈਸਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਵਿਦਿਆਰਥੀਆਂ ਲਈ **ਗਰੀਨ ਸਿੰਥੀਸ਼ਿਜ਼ ਆਫ਼ ਆਰਗੈਨਿਕ ਰਿਸੈਪਟਰਜ਼ ਐਂਡ ਕੇਅਰ ਬਾਇਓਲੋਜੀਕਲ ਐਵਿਊਲਿਊਸ਼ਨਜ਼** ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ।

**16.2 ਕਾਲਜ ਦੇ ਅਧਿਆਪਕਾਂ ਦੁਆਰਾ ਬਾਹਰਲੀਆਂ ਸੰਸਥਾਵਾਂ ਵਿੱਚ ਦਿੱਤੇ ਗਏ ਲੈਕਚਰ :**

ਇਸ ਸੈਸ਼ਨ ਦੌਰਾਨ **ਡਾ. ਸਰਬਜੀਤ ਸਿੰਘ** ਨੇ 2017 ਵਿਚ ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ ਵਿਖੇ ''**ਪੰਜਾਬੀ ਭਾਸ਼ਾ ਅਤੇ ਵਿਆਕਰਨ**' ਵਿਸ਼ੇ 'ਤੇ ਅਤੇ **ਡਾ. ਗੁਰਵੀਰ ਸਿੰਘ** ਨੇ 7 ਫਰਵਰੀ 2018 ਨੂੰ ਪੰਥ ਰਤਨ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਅਡਵਾਂਸਡ ਸਟੱਡੀ ਇਨ ਸਿੱਖਿਜ਼ਮ, ਬਹਾਦਰਗੜ੍ਹ ਵਿਖੇ ''**ਸ਼ਹਾਦਤ ਪ੍ਰੰਪਰਾ**'' ਵਿਸ਼ੇ 'ਤੇ **ਭਾਸ਼ਣ** ਦਿੱਤਾ।

**17. ਸਭਿਆਚਾਰਕ ਪ੍ਰਾਪਤੀਆਂ/ਸਰਗਰਮੀਆਂ:**

**ਡਾ. ਹਰਵਿੰਦਰ ਕੌਰ**, ਡੀਨ ਸਭਿਆਚਾਰਕ ਸਰਗਰਮੀਆਂ ਦੀ ਸੁਯੋਗ ਅਗਵਾਈ ਅਧੀਨ ਇਸ ਸੈਸ਼ਨ ਦੌਰਾਨ ਕਾਲਜ ਨੇ ਕਾਬਿਲ-ਏ-ਤਾਰੀਫ਼ ਮੱਲਾ ਮਾਰੀਆਂ। ਕਾਲਜ ਦੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਅਤੇ ਇੰਚਾਰਜ ਅਧਿਆਪਕ ਸਾਹਿਬਾਨ ਦੀ ਸੁਚੱਜੀ ਦੇਖ-ਰੇਖ ਅਧੀਨ ਕਾਲਜ ਨੇ **ਖੇਤਰੀ ਯੁਵਕ ਮੇਲੇ** ਅਤੇ **ਅੰਤਰ ਖੇਤਰੀ ਯੁਵਕ ਮੇਲੇ** ਵਿਚ **ਓਵਰ ਆਲ ਪਹਿਲਾ ਸਥਾਨ** ਅਤੇ **ਰਾਸ਼ਟਰੀ ਪੱਧਰ 'ਤੇ 02 ਗੋਲਡ ਮੈਡਲ** ਅਤੇ **ਤਿੰਨ ਸਿਲਵਰ ਮੈਡਲ** ਹਾਸਿਲ ਕੀਤੇ।

ਕਾਲਜ ਦੀਆਂ ਇਸ ਸਾਲ ਦੀਆਂ ਸਭਿਆਚਾਰਕ ਪ੍ਰਾਪਤੀਆਂ ਦਾ ਵੇਰਵਾ ਨਿਮਨਲਿਖਤ ਅਨੁਸਾਰ ਹੈ:

**17.1 ਖੇਤਰੀ ਯੁਵਕ ਮੇਲਾ:**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ **ਖੇਤਰੀ ਯੁਵਕ ਮੇਲੇ** ਦੌਰਾਨ ਕਾਲਜ ਨੇ **ਗਰੁੱਪ ਸ਼ਬਦ, ਫੋਕ ਆਰਕੈਸਟਰਾ, ਗਜ਼ਲ, ਲੋਕਗੀਤ, ਰੰਗੋਲੀ, ਫੋਟੋਗ੍ਰਾਫੀ, ਪ੍ਰਕਸ਼ਨ, ਪੱਛਮੀ ਸੋਲੋ ਸਾਜ਼, ਪੱਛਮੀ ਸੋਲੋ ਗੀਤ, ਸਕਿੱਟ, ਮਾਇਮ, ਇੰਸਟਾਲੇਸ਼ਨ, ਭਾਸ਼ਣ** ਅਤੇ **ਡੀਬੇਟ (ਪੱਖ)** ਵਿਚ **ਪਹਿਲਾ ਸਥਾਨ** ਹਾਸਿਲ ਕੀਤਾ। ਕਾਲਜ ਨੇ **ਕਲਾਸੀਕਲ ਡਾਂਸ, ਭਾਰਤੀ ਸਮੂਹ ਗੀਤ, ਕਲੇਅ ਮਾਡਲਿੰਗ, ਕੋਲਾਜ, ਨਾਨ-ਪ੍ਰਕਸ਼ਨ, ਪੱਛਮੀ ਸਮੂਹ ਗੀਤ, ਭੰਗੜਾ** ਅਤੇ **ਡੀਬੇਟ (ਵਿਪੱਖ)** ਵਿਚ **ਦੂਸਰਾ ਸਥਾਨ** ਹਾਸਿਲ ਕੀਤਾ। **ਗਿੱਧਾ, ਕਲਾਸੀਕਲ ਵੋਕਲ, ਕੁਇਜ਼** ਅਤੇ **ਨਾਟਕ** ਵਿਚ **ਤੀਸਰਾ ਸਥਾਨ** ਹਾਸਿਲ ਕੀਤਾ। ਕਾਲਜ ਨੇ **ਡਾਂਸ, ਮਿਊਜ਼ਿਕ, ਫਾਈਨ ਆਰਟਸ, ਲਿਟਰੇਰੀ ਆਈਟਮਜ਼** ਅਤੇ **ਥੀਏਟਰ** ਵਿਚ **ਓਵਰਆਲ ਟਰਾਫ਼ੀ** ਪ੍ਰਾਪਤ ਕੀਤੀ।

**17.2 ਅੰਤਰ-ਖੇਤਰੀ ਯੁਵਕ ਮੇਲਾ:**

ਅੰਤਰ ਖੇਤਰੀ ਯੁਵਕ ਮੇਲੇ ਦੌਰਾਨ ਕਾਲਜ ਨੇ **ਪੱਛਮੀ ਸੋਲੋ ਗੀਤ, ਪੱਛਮੀ ਸਮੂਹ ਗੀਤ, ਭਾਸ਼ਣ ਕਲਾ, ਪ੍ਰਕਸ਼ਨ** ਅਤੇ **ਭੰਗੜਾ** ਵਿਚ **ਪਹਿਲਾ ਸਥਾਨ** ਹਾਸਲ ਕੀਤਾ। **ਪੱਛਮੀ ਸੋਲੋ ਸਾਜ਼, ਕਲਾਸੀਕਲ ਡਾਂਸ, ਗਰੁੱਪ ਸ਼ਬਦ** ਅਤੇ **ਕੋਲਾਜ** ਵਿਚ **ਦੂਸਰਾ ਸਥਾਨ** ਹਾਸਲ ਕੀਤਾ। **ਕਲੇਅ ਮਾਡਲਿੰਗ** ਵਿਚ **ਤੀਸਰਾ ਸਥਾਨ** ਹਾਸਲ ਕੀਤਾ ਅਤੇ **ਲੋਕ ਗੀਤ, ਫੋਕ ਆਰਕੈਸਟਰਾ, ਪੱਛਮੀ ਸਮੂਹ ਗੀਤ, ਡੀਬੇਟ ਤੇ ਰੰਗੋਲੀ** ਵਿਚ **ਚੌਥਾ ਸਥਾਨ** ਹਾਸਲ ਕੀਤਾ।

**17.3 ਅੰਤਰ ਖੇਤਰੀ ਲੋਕ ਮੇਲਾ:**

ਮਿਤੀ 27-28 ਫਰਵਰੀ 2018 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੋਏ **ਅੰਤਰ ਖੇਤਰੀ ਲੋਕ ਮੇਲੇ** ਵਿਚ ਕਾਲਜ ਨੇ **ਲੁੱਡੀ (ਲੜਕੇ)** ਅਤੇ **ਛਿੱਕੂ** ਵਿਚ **ਪਹਿਲਾ ਸਥਾਨ** ਹਾਸਲ ਕੀਤਾ। **ਰਵਾਇਤੀ ਲੋਕ ਗੀਤ, ਮਲਵਈ ਗਿੱਧਾ, ਵਾਰ ਗਾਇਨ, ਭੰਡ, ਕਢਾਈ** ਅਤੇ **ਲੁੱਡੀ (ਲੜਕੀਆਂ)** ਵਿਚ **ਦੂਸਰਾ ਸਥਾਨ** ਹਾਸਲ ਕੀਤਾ। **ਲਘੂ ਫਿਲਮ** ਅਤੇ **ਗੁੱਡੀਆਂ ਪਟੋਲੇ** ਵਿਚ **ਤੀਸਰਾ ਸਥਾਨ** ਹਾਸਲ ਕੀਤਾ।

**17.4 ਅੰਤਰ ਵਰਸਿਟੀ ਯੁਵਕ ਮੇਲਾ:**

ਮਿਤੀ 13 ਤੋਂ 17 ਜਨਵਰੀ 2018 ਨੂੰ ਮੌਲਾਨਾ ਅਬੁਲ ਕਲਾਮ ਯੂਨੀਵਰਸਿਟੀ, ਅੰਬਾਲਾ ਵਿਖੇ ਹੋਏ **ਅੰਤਰ ਵਰਸਿਟੀ ਯੁਵਕ ਮੇਲੇ** ਦੌਰਾਨ ਕਾਲਜ ਨੇ **ਭਾਸ਼ਣ ਕਲਾ** ਅਤੇ **ਪੱਛਮੀ ਸੋਲੋ ਸਾਜ਼** ਵਿਚ **ਦੂਸਰਾ ਸਥਾਨ** ਅਤੇ **ਤਬਲਾ, ਇੰਸਟਾਲੇਸ਼ਨ, ਫੋਕ ਆਰਕੈਸਟਰਾ** ਵਿਚ **ਤੀਸਰਾ ਸਥਾਨ** ਹਾਸਲ ਕੀਤਾ। **ਭੰਗੜੇ ਦੀ ਪੇਸ਼ਕਾਰੀ** ਵੀ ਕੀਤੀ ਗਈ।

## 17.5 ਰਾਸ਼ਟਰੀ ਯੁਵਕ ਮੇਲਾ:

ਮਿਤੀ 16 ਤੋਂ 20 ਫਰਵਰੀ 2018 ਨੂੰ ਰਾਂਚੀ ਯੂਨੀਵਰਸਿਟੀ ਝਾਰਖੰਡ, ਰਾਂਚੀ ਵਿਖੇ ਹੋਏ **ਰਾਸ਼ਟਰੀ ਯੁਵਕ ਮੇਲੇ** ਵਿਚ ਕਾਲਜ ਨੇ **ਭਾਸ਼ਣ, ਪੱਛਮੀ ਸੋਲੋ ਸਾਜ਼** ਵਿਚ **ਪਹਿਲਾ ਸਥਾਨ** ਅਤੇ **ਤਬਲਾ, ਇੰਸਟਾਲੇਸ਼ਨ, ਫੋਕ ਆਰਕੈਸਟਰਾ** ਵਿਚ **ਦੂਸਰਾ ਸਥਾਨ** ਹਾਸਲ ਕੀਤਾ।

## 17.6 ਖ਼ਾਲਸਾਈ ਯੁਵਕ ਮੇਲਾ:

ਮਿਤੀ 5-6 ਮਾਰਚ 2018 ਨੂੰ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤਲਵੰਡੀ ਸਾਬੋ ਵਿਖੇ ਹੋਏ **ਖ਼ਾਲਸਾਈ ਯੁਵਕ ਮੇਲੇ** ਵਿਚ ਕਾਲਜ ਨੇ **ਤਬਲਾ, ਵਾਰ ਗਾਇਨ** ਵਿਚ **ਪਹਿਲਾ ਸਥਾਨ, ਨਾਟਕ** ਵਿਚ **ਦੂਸਰਾ ਸਥਾਨ** ਅਤੇ **ਸਿੱਖ ਰਵਾਇਤੀ ਪਹਿਰਾਵਾ, ਤੰਤੀ ਸਾਜ਼, ਗੁਰਬਾਣੀ ਕੰਠ ਮੁਕਾਬਲਾ, ਦਸਤਾਰਬੰਦੀ** ਵਿਚ **ਤੀਸਰਾ ਸਥਾਨ** ਹਾਸਿਲ ਕੀਤਾ। ਇਸ ਮੇਲੇ ਵਿਚ ਕਾਲਜ ਨੇ **ਓਵਰਆਲ ਤੀਜਾ ਸਥਾਨ** ਹਾਸਿਲ ਕੀਤਾ।

## 17.7 ਲੋਹੜੀ ਦਾ ਤਿਉਹਾਰ:

ਮਿਤੀ 12 ਜਨਵਰੀ, 2018 ਨੂੰ ਕਾਲਜ ਵਿਚ ਲੋਹੜੀ ਦਾ ਤਿਉਹਾਰ ਮਨਾਇਆ ਗਿਆ।

## 18. ਐੱਨ.ਸੀ.ਸੀ. ਆਰਮੀ ਵਿੰਗ:

ਕਾਲਜ ਦੇ ਐੱਨ.ਸੀ.ਸੀ. ਆਰਮੀ ਵਿੰਗ ਵਿਚ **ਡਾ. ਨਿਸ਼ਾਨ ਸਿੰਘ** ਦੀ ਦੇਖ ਰੇਖ ਹੇਠ ਇਸ ਸੈਸ਼ਨ ਦੌਰਾਨ ਕਾਲਜ ਵਿਚ **55 ਕੈਡਿਟ** ਭਰਤੀ ਕੀਤੇ ਗਏ। ਇਨ੍ਹਾਂ ਵਿਚ 34 ਲੜਕੇ ਅਤੇ 21 ਲੜਕੀਆਂ ਹਨ। ਇਸ ਵਿੰਗ ਦੁਆਰਾ ਮਿਤੀ 01 ਜੁਲਾਈ, 2017 ਤੋਂ 10 ਜੁਲਾਈ, 2017 ਤੱਕ ਨਾਭਾ ਵਿਖੇ ਲੱਗੇ ਥਲ ਸੈਨਾ ਕੈਂਪ ਵਿਚ ਕਾਲਜ ਦੀਆਂ 3 ਕੈਡਿਟਸ ਨੇ ਭਾਗ ਲਿਆ। ਮਿਤੀ 15 ਅਗਸਤ ਤੋਂ 24 ਅਗਸਤ, 2017 ਤੱਕ ਮਲੋਟ ਵਿਖੇ ਲੱਗੇ ਏ.ਟੀ.ਸੀ. ਕੈਂਪ ਵਿਚ 21 ਕੈਡਿਟਸ ਨੇ ਭਾਗ ਲਿਆ। ਇਸ ਕੈਂਪ ਵਿਚ ਕਾਲਜ ਦੇ ਕੈਡਿਟ **ਰਿਸ਼ੀ ਬੱਤਰਾ** ਨੂੰ **ਬੈਸਟ ਕੈਡਿਟ** ਦਾ ਖ਼ਿਤਾਬ ਮਿਲਿਆ ਅਤੇ ਕੈਡਿਟਸ ਨੇ **16 ਗੋਲਡ ਮੈਡਲ** ਹਾਸਲ ਕੀਤੇ। ਮਿਤੀ 01 ਨਵੰਬਰ, 2017 ਤੋਂ 10 ਨਵੰਬਰ, 2017 ਤੱਕ ਮਲੋਟ ਵਿਖੇ ਲੱਗੇ ਬੀ.ਐਲ.ਸੀ. ਕੈਂਪ ਵਿਚ ਕਾਲਜ ਦੇ 2 ਕੈਡਿਟਸ ਨੇ, ਮਿਤੀ 03 ਅਕਤੂਬਰ, 2017 ਤੋਂ 17 ਅਕਤੂਬਰ, 2017 ਤੱਕ ਪਟਿਆਲਾ ਵਿਖੇ ਲੱਗੇ ਆਰਮੀ ਅਟੈਚਮੈਂਟ ਕੈਂਪ ਵਿਚ ਕਾਲਜ ਦੇ 17 ਕੈਡਿਟਸ ਨੇ, ਮਿਤੀ 03 ਅਕਤੂਬਰ, 2017 ਤੋਂ 13 ਅਕਤੂਬਰ, 2017 ਤੱਕ ਰੋਪੜ ਵਿਖੇ ਲੱਗੇ ਕੈਂਪ ਵਿਚ 3 ਕੈਡਿਟਸ ਨੇ ਭਾਗ ਲਿਆ। ਮਿਤੀ 06 ਨਵੰਬਰ, 2017 ਤੋਂ 17 ਨਵੰਬਰ, 2017 ਤੱਕ (ਤਾਮਿਲਨਾਡੂ) ਵਿਖੇ ਲੱਗੇ ਐਨ.ਆਈ.ਸੀ. ਕੈਂਪ ਵਿਚ ਕਾਲਜ ਦੇ 3 ਕੈਡਿਟਸ ਨੇ ਭਾਗ ਲਿਆ। ਇਸ ਕੈਂਪ ਵਿਚ ਕਾਲਜ ਦੇ ਵਿਦਿਆਰਥੀ **ਸੰਦੀਪ ਸਿੰਘ** ਨੇ **3 ਗੋਲਡ ਮੈਡਲ** ਪ੍ਰਾਪਤ ਕੀਤੇ ਅਤੇ ਇਸ ਕੈਂਪ ਦੀ **ਓਵਰਆਲ ਟਰਾਫ਼ੀ ਹਾਸਲ ਕੀਤੀ**। ਮਿਤੀ 26 ਜਨਵਰੀ, 2018 ਨੂੰ ਸਟੇਟ ਪੱਧਰ ਦੇ ਪ੍ਰੋਗਰਾਮ ਵਿਚ ਕਾਲਜ ਦੇ 4 ਕੈਡਿਟਸ ਨੇ ਭਾਗ ਲਿਆ ਅਤੇ **ਓਵਰਆਲ ਬਟਾਲੀਅਨ ਦਾ ਖਿਤਾਬ ਵੀ 5 PB BN NCC ਪਟਿਆਲਾ** ਨੂੰ ਪ੍ਰਾਪਤ ਹੋਇਆ। ਸੈਸ਼ਨ 2017 ਵਿਚ ਕਾਲਜ ਦੇ 13 ਕੈਡਿਟਸ ਨੂੰ ਸੀ ਸਰਟੀਫਿਕੇਟ ਦਿੱਤੇ ਗਏ। ਇਨ੍ਹਾਂ ਸਾਰੇ ਕੈਡਿਟਸ ਨੇ ਇਹ ਸਰਟੀਫਿਕੇਟ ਏ ਗ੍ਰੇਡ ਨਾਲ ਹਾਸਲ ਕੀਤਾ।

ਇਸ ਤੋਂ ਇਲਾਵਾ ਇਸ ਵਿੰਗ ਦੇ ਕੈਡਿਟਸ ਨੇ ਸਵੱਛ ਭਾਰਤ ਅਭਿਆਨ, ਟਰੀ ਪਲਾਂਟੇਸ਼ਨ, ਟਰੈਫ਼ਿਕ ਰੂਲ, ਖ਼ੂਨਦਾਨ ਕੈਂਪ ਅਤੇ ਯੋਗਾ ਕੈਂਪ ਵਿਚ ਵੀ ਭਾਗ ਲਿਆ।

## 19. ਐੱਨ.ਸੀ.ਸੀ. ਏਅਰ ਵਿੰਗ:

ਕਾਲਜ ਦੇ ਐੱਨ.ਸੀ.ਸੀ. ਏਅਰ ਵਿੰਗ ਨੇ **ਡਾ. ਗੁਰਮੀਤ ਸਿੰਘ** ਦੀ ਦੇਖ ਰੇਖ ਹੇਠ ਇਸ ਸੈਸ਼ਨ ਦੌਰਾਨ ਬੀ.ਐਸਸੀ. ਬਾਇਓਟੈਕ ਭਾਗ ਤੀਜਾ ਦੀ ਵਿਦਿਆਰਥਣ **ਦਮਨੀਤ ਕੌਰ** ਨੇ ਰਾਜਪਥ, ਦਿੱਲੀ ਵਿਖੇ ਗਣਤੰਤਰ ਦਿਵਸ ਪ੍ਰੇਡ ਵਿਚ ਭਾਗ ਲਿਆ। ਇਸ ਵਿਦਿਆਰਥਣ ਨੇ ਮਿਤੀ 13-22 ਸਤੰਬਰ, 2017 ਨੂੰ ਵੀਅਤਨਾਮ ਵਿਖੇ **National Cadet Corps Youth Exchange Programme ਦੌਰਾਨ ਭਾਰਤ ਦੀ ਪ੍ਰਤੀਨਿਧਤਾ** ਕੀਤੀ ਅਤੇ ਇਸ ਵਿਦਿਆਰਥਣ ਦੀ ਵਿਦੇਸ਼ੀ ਧਰਤੀ 'ਤੇ ਭਾਰਤ ਦੀ ਪ੍ਰਤੀਨਿਧਤਾ ਕਰਨ ਵਾਲੇ 13 ਨੌਜਵਾਨ ਅੰਬੈਸਡਰਾਂ ਵਿਚੋਂ **ਪਹਿਲੇ ਨੰਬਰ 'ਤੇ ਚੋਣ** ਹੋਈ।

## 20. ਐਨ.ਐਸ.ਐਸ.

ਕਾਲਜ ਦੇ **ਐਨ.ਐਸ.ਐਸ**. ਅਫ਼ਸਰ **ਪ੍ਰੋ. ਸਪਨਾ, ਡਾ. ਜਗਤਾਰ ਸਿੰਘ, ਪ੍ਰੋ. ਰਾਜਬਿੰਦਰ ਸਿੰਘ** ਦੀ ਦੇਖ ਰੇਖ ਹੇਠ ਇਸ ਸੈਸ਼ਨ ਦੌਰਾਨ ਇਸ ਵਿਭਾਗ ਦੇ **11 ਵਲੰਟਰੀਆਂ** ਵੱਲੋਂ ਮਿਤੀ 28 ਜੁਲਾਈ, 2017 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਮਨਾਏ ਗਏ **ਅੰਤਰਰਾਸ਼ਟਰੀ ਯੂਥ ਡੇ** ਮੌਕੇ ਸ਼ਮੂਲੀਅਤ ਕੀਤੀ ਗਈ। ਮਿਤੀ 12 ਅਗਸਤ, 2017 ਨੂੰ ਇਸ ਵਿਭਾਗ ਦੇ ਵਲੰਟਰੀਆਂ ਵਲੋਂ ਧਾਮੋਮਾਜਰਾ ਪਿੰਡ ਵਿਚ **ਜਾਗਰੂਕਤਾ ਰੈਲੀ ਕੱਢੀ ਗਈ**। ਮਿਤੀ 1 ਅਗਸਤ ਤੋਂ 15 ਅਗਸਤ, 2017 ਤੱਕ ਵਿਭਾਗ ਵਲੋਂ ਕਾਲਜ ਵਿਖੇ **ਸਫ਼ਾਈ ਪੰਦਰਵਾੜਾ** ਮਨਾਇਆ ਗਿਆ ਇਸ ਦੌਰਾਨ ਵਿਦਿਆਰਥੀਆਂ ਦੇ **ਸਫ਼ਾਈ ਜਾਗਰੂਕਤਾ ਸਬੰਧੀ ਲੇਖ ਲਿਖਣ** ਮੁਕਾਬਲਾ ਵੀ ਕਰਵਾਇਆ ਗਿਆ।

ਮਿਤੀ 1 ਸਤੰਬਰ ਤੋਂ 15 ਸਤੰਬਰ 2017 ਤੱਕ ਵਿਭਾਗ ਵਲੋਂ **ਵਿਸ਼ੇਸ਼ ਸਫ਼ਾਈ ਪੰਦਰਵਾੜਾ** ਮਨਾਇਆ ਗਿਆ ਜਿਸ ਦੌਰਾਨ 2 ਸਤੰਬਰ ਨੂੰ **ਹੋਸਟਲ ਸਫ਼ਾਈ ਦਿਹਾੜਾ,** 6 ਸਤੰਬਰ ਨੂੰ **ਚੌਗਿਰਦਾ ਸਫ਼ਾਈ ਮੁਹਿੰਮ**, 7 ਸਤੰਬਰ ਨੂੰ **ਲੇਖ ਲਿਖਣ ਮੁਕਾਬਲਾ**, 13 ਸਤੰਬਰ ਨੂੰ **ਸਾਫ਼ ਸੁਥਰੇ ਕਮਰੇ** ਦਾ ਮੁਕਾਬਲਾ ਅਤੇ 15 ਸਤੰਬਰ ਨੂੰ **ਭਾਸ਼ਣ ਮੁਕਾਬਲਾ** ਕਰਵਾਏ ਗਏ। ਮਿਤੀ 25 ਨਵੰਬਰ, 2017 ਤੱਕ ਇਸ ਵਿਭਾਗ ਵਲੋਂ **ਸੰਪਰਦਾਇਕ ਸਦਭਾਵਨਾ ਹਫ਼ਤਾ** ਮਨਾਇਆ ਗਿਆ। ਮਿਤੀ 24 ਸਤੰਬਰ, 2017 ਨੂੰ **'ਏਕ ਨੂਰ ਤੇ ਸਭ ਜਗੁ ਉਪਜਿਆ'** ਵਿਸ਼ੇ 'ਤੇ ਸੈਮੀਨਾਰ ਆਯੋਜਿਤ ਕੀਤਾ ਗਿਆ। ਮਿਤੀ 24-30 ਦਸੰਬਰ, 2017 ਤੱਕ ਵਿਭਾਗ ਵਲੋਂ **7 ਰੋਜ਼ਾ ਕੈਂਪ** ਦਾ ਆਯੋਜਨ ਕੀਤਾ ਗਿਆ। ਇਸ ਵਿਭਾਗ ਦੇ ਵਲੰਟੀਅਰ **ਗੁਰਿੰਦਰ ਸਿੰਘ** ਨੂੰ 26 ਜਨਵਰੀ 2018 ਨੂੰ **ਰਿਪਬਲਿਕ ਡੇ** ਦੇ ਮੌਕੇ 'ਤੇ ਨਵੀਂ ਦਿੱਲੀ ਵਿਖੇ **ਪਰੇਡ** ਵਿਚ ਹਿੱਸਾ ਲੈਣ ਦਾ ਮਾਣ ਪ੍ਰਾਪਤ ਹੋਇਆ। ਮਿਤੀ 12 ਜਨਵਰੀ, 2018 ਨੂੰ ਲੋਹੜੀ ਦੇ ਸਬੰਧ ਵਿਚ ਵਿਭਾਗ ਦੇ ਵਿਦਿਆਰਥੀਆਂ ਵਲੋਂ ਇਕੱਤਰ ਕੀਤੇ ਪੈਸੇ ਅਤੇ ਹੋਰ ਲੋੜੀਂਦੀ ਸਮੱਗਰੀ ਸਲੱਮ ਸਕੂਲ ਦੇ ਬੱਚਿਆ ਨੂੰ ਵੰਡੀ ਗਈ। ਮਿਤੀ 14 ਜਨਵਰੀ, 2018 ਨੂੰ ਵਲੰਟਰੀਆਂ ਵਲੋਂ ਮਿਊਂਸਿਪਲ ਕਾਰਪੋਰੇਸ਼ਨ ਪਟਿਆਲਾ ਦੇ ਸਹਿਯੋਗ ਨਾਲ **ਸ਼ਹਿਰ ਦੀ ਸਫ਼ਾਈ** ਕੀਤੀ ਗਈ। ਮਿਤੀ 21 ਜਨਵਰੀ, 2018 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਤਲਵੰਡੀ ਸਾਬੋ ਵਿਖੇ ਕਰਵਾਏ ਗਏ **ਵਿਸ਼ਾਲ ਗੁਰਮਤਿ ਸਮਾਗਮ** ਵਿਚ ਵਿਭਾਗ ਦੇ **120 ਵਿਦਿਆਰਥੀਆਂ ਨੇ ਭਾਗ ਲਿਆ**।

ਮਿਤੀ 22 ਜਨਵਰੀ 2018 ਨੂੰ ਵਿਭਾਗ ਵੱਲੋਂ ਮਿਊਂਸੀਪਲ ਕਾਰਪੋਰੇਸ਼ਨ, ਪਟਿਆਲਾ ਦੇ ਸਹਿਯੋਗ ਨਾਲ **ਸਫ਼ਾਈ ਜਾਗਰੂਕਤਾ** ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਮਿਤੀ 25 ਜਨਵਰੀ, 2018 ਨੂੰ ਵਿਭਾਗ ਵਲੋਂ ਕਾਲਜ ਵਿਖੇ ਇਕ ਰੋਜ਼ਾ **ਵਿਸ਼ੇਸ਼ ਕੈਂਪ** ਦਾ ਆਯੋਜਨ ਕੀਤਾ ਗਿਆ। ਮਿਤੀ 9-10 ਫਰਵਰੀ, 2018 ਨੂੰ ਵਿਭਾਗ ਵਲੋਂ **ਦੋ ਰੋਜ਼ਾ** ਕੈਂਪ ਲਗਾਇਆ ਗਿਆ।

## 21. ਖ਼ੂਨਦਾਨ ਕੈਂਪ:

ਮਿਤੀ 12 ਅਕਤੂਬਰ, 2017 ਨੂੰ ਐਨ.ਐਸ.ਐਸ. ਵਿੰਗ, ਵਿਦਿਆਰਥੀ ਭਲਾਈ ਕਮੇਟੀ ਅਤੇ ਡੀ.ਡੀ.ਯੂ. ਕੌਸ਼ਲ ਕੇਂਦਰ ਵੱਲੋਂ **ਖ਼ੂਨਦਾਨ ਕੈਂਪ** ਲਗਾਇਆ ਗਿਆ। ਇਥੇ ਇਹ ਜ਼ਿਕਰਯੋਗ ਹੈ ਕਿ ਇਸ ਕੈਂਪ ਦੌਰਾਨ ਵਿਦਿਆਰਥੀਆਂ ਅਤੇ ਸਟਾਫ਼ ਵੱਲੋਂ 500 ਯੂਨਿਟ ਖ਼ੂਨਦਾਨ ਕੀਤਾ ਗਿਆ।

ਮਿਤੀ 1 ਮਾਰਚ, 2018 ਨੂੰ ਉਪਰੋਕਤ ਵਿਭਾਗਾਂ ਅਤੇ ਕਾਮਰਸ ਅਤੇ ਮੈਨੇਜਮੈਂਟ ਵਿਭਾਗ ਵੱਲੋਂ ਕਾਲਜ ਵਿਖੇ **ਖ਼ੂਨਦਾਨ ਕੈਂਪ** ਦਾ ਆਯੋਜਨ ਕੀਤਾ ਗਿਆ।

## 22. ਕਾਲਜ ਵੱਲੋਂ ਇਸ ਸੈਸ਼ਨ ਦੌਰਾਨ ਮਨਾਏ ਗਏ ਖ਼ਾਸ ਦਿਵਸ/ਮੁਹਿੰਮ:

### 22.1 ਵੋਟਰ ਰਜਿਸਟ੍ਰੇਸ਼ਨ ਮੁਹਿੰਮ:

ਮਿਤੀ 27 ਜੁਲਾਈ, 2017 ਨੂੰ ਕਾਲਜ ਵੱਲੋਂ ਜ਼ਿਲ੍ਹਾ ਚੋਣਕਾਰ ਅਫ਼ਸਰ ਕਮ ਡਿਪਟੀ ਕਮਿਸ਼ਨਰ ਪਟਿਆਲਾ ਦੀਆਂ ਹਦਾਇਤਾਂ ਮੁਤਾਬਕ **ਵੋਟਰ ਰਜਿਸ਼ਟਰੇਸ਼ਨ ਮੁਹਿੰਮ ਦੀ ਸ਼ੁਰੂਆਤ** ਕੀਤੀ ਗਈ।

### 22.2 ਆਜ਼ਾਦੀ ਦਿਵਸ:

**ਆਜ਼ਾਦੀ ਦਿਵਸ** ਦੇ ਸ਼ੁੱਭ ਅਵਸਰ 'ਤੇ ਸਮੂਹ ਵਿਭਾਗਾਂ ਨੇ ਆਪਣੇ ਆਪਣੇ ਵਿਭਾਗਾਂ ਵਿੱਚ ਵਿਦਿਆਰਥੀਆਂ ਦੀਆਂ ਪ੍ਰਤੀਯੋਗਤਾਵਾਂ ਕਰਵਾਈਆਂ।

**22.3 ਰਾਸ਼ਟਰੀ ਸੰਤੁਲਿਤ ਆਹਾਰ ਸਪਤਾਹ:**

ਮਿਤੀ 7 ਸਤੰਬਰ, 2017 ਨੂੰ ਕਾਲਜ ਵਿਖੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਰਾਸ਼ਟਰੀ ਸੰਤੁਲਿਤ ਆਹਾਰ ਸਪਤਾਹ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਸੰਤੁਲਿਤ ਆਹਾਰ ਵਿਸ਼ੇ 'ਤੇ ਭਾਸ਼ਣ ਮੁਕਾਬਲੇ ਕਰਵਾਏ ਗਏ।

**22.4 ਐਨ.ਐਸ.ਐਸ. ਸਥਾਪਨਾ ਦਿਵਸ:**

ਮਿਤੀ 24 ਸਤੰਬਰ, 2017 ਨੂੰ ਐਨ.ਐਸ.ਐਸ.ਵਿਭਾਗ ਵੱਲੋ ਕਾਲਜ ਵਿਖੇ **ਐਨ.ਐਸ.ਐਸ. ਸਥਾਪਨਾ ਦਿਵਸ** ਮਨਾਇਆ ਗਿਆ ਇਸ ਮੌਕੇ ਵਿਭਾਗ ਵੱਲੋਂ **ਇਕ ਰੋਜ਼ਾ ਕੈਂਪ** ਦਾ ਆਯੋਜਨ ਕੀਤਾ ਗਿਆ।

**22.5 ਰਾਸ਼ਟਰੀ ਇੰਜੀਨਅਰਿੰਗ ਦਿਵਸ:**

ਮਿਤੀ 15 ਅਕਤੂਬਰ, 2017 ਨੂੰ ਕਾਲਜ ਦੇ ਡੀ.ਡੀ.ਯੂ. ਕੌਸ਼ਲ ਕੇਂਦਰ ਵੱਲੋਂ ਰਾਸ਼ਟਰੀ ਇੰਜੀਨੀਅਰਿੰਗ ਦਿਵਸ ਮਨਾਇਆ ਗਿਆ।

**22.6 ਭ੍ਰਿਸ਼ਟਾਚਾਰ ਵਿਰੋਧੀ ਜਾਗਰੂਕਤਾ ਹਫ਼ਤਾ**

ਮਿਤੀ 31 ਅਕਤੂਬਰ, 2017 ਨੂੰ ਕਾਲਜ ਦੇ ਯੂਥ ਕਲੱਬ ਅਤੇ ਰੈੱਡ ਕਰਾਸ ਸੁਸਾਇਟੀ ਵੱਲੋਂ ਵਿਜੀਲੈਂਸ ਬਿਊਰੋ, ਪੰਜਾਬ ਦੀ ਅਗਵਾਈ ਅਧੀਨ ਭ੍ਰਿਸ਼ਟਾਚਾਰ ਵਿਰੋਧੀ ਜਾਗਰੂਕਤਾ ਹਫ਼ਤਾ ਮਨਾਇਆ ਗਿਆ।

**22.7 ਰਾਸ਼ਟਰੀ ਏਕਤਾ ਦਿਵਸ:**

ਐਨ.ਐਸ.ਐਸ. ਵਿਭਾਗ ਵੱਲੋਂ ਸਰਦਾਰ ਪਟੇਲ ਦੇ ਜਨਮ ਦਿਵਸ ਨੂੰ ਸਮਰਪਿਤ **ਰਾਸ਼ਟਰੀ ਏਕਤਾ ਦਿਵਸ** ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਦੇ **ਪੇਟਿੰਗ ਮੁਕਾਬਲੇ** ਅਤੇ **ਭਾਸ਼ਣ ਮੁਕਾਬਲੇ** ਕਰਵਾਏ ਗਏ।

**22.8 ਰਾਸ਼ਟਰੀ ਵਣਜ ਸਿੱਖਿਆ ਦਿਵਸ:**

ਮਿਤੀ 10 ਨਵੰਬਰ, 2017 ਨੂੰ ਕਾਲਜ ਵੱਲੋਂ ਇੰਸਟੀਚਿਊਟ ਚਾਰਟਰਡ ਅਕਾਊਂਟਸ ਆਫ਼ ਇੰਡੀਆ, ਨਵੀਂ ਦਿੱਲੀ ਵੱਲੋਂ ਘੋਸ਼ਿਤ ਰਾਸ਼ਟਰੀ ਵਣਜ ਸਿੱਖਿਆ ਦਿਵਸ ਮਨਾਇਆ ਗਿਆ।

**22.9 ਸ਼ਹੀਦ ਕਰਤਾਰ ਸਿੰਘ ਸਰਾਭਾ ਸ਼ਹੀਦੀ ਦਿਹਾੜਾ:**

ਮਿਤੀ 16 ਨਵੰਬਰ, 2017 ਨੂੰ ਕਾਲਜ ਦੇ ਇਤਿਹਾਸ ਵਿਭਾਗ ਵੱਲੋਂ ਆਜ਼ਾਦੀ ਘੁਲਾਟੀਏ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨੂੰ ਸਮਰਪਿਤ 102ਵੇਂ ਸ਼ਹੀਦੀ ਦਿਹਾੜੇ ਦਾ ਆਯੋਜਨ ਕੀਤਾ ਗਿਆ।

**22.10 ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ:**

ਮਿਤੀ 23 ਨਵੰਬਰ, 2017 ਨੂੰ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ।

**22.11 ਰਾਸ਼ਟਰੀ ਸੰਵਿਧਾਨ ਦਿਵਸ:**

ਮਿਤੀ 26 ਨਵੰਬਰ 2017 ਨੂੰ ਐਨ.ਐਸ.ਐਸ. ਵਿਭਾਗ ਵੱਲੋਂ ਭਾਰਤ ਸਰਕਾਰ ਦੀਆਂ ਹਦਾਇਤਾਂ ਤਹਿਤ **ਰਾਸ਼ਟਰੀ ਸੰਵਿਧਾਨ ਦਿਵਸ** ਮਨਾਇਆ ਗਿਆ।

**22.12 ਆਰਮਡ ਫੋਰਸਜ਼ ਝੰਡਾ ਦਿਵਸ:**

ਮਿਤੀ 7 ਦਸੰਬਰ, 2017 ਨੂੰ ਕਾਲਜ ਵਿਖੇ ਆਰਮਡ ਫੋਰਸਜ਼ ਝੰਡਾ ਦਿਵਸ ਮਨਾਇਆ ਗਿਆ।

**22.13 ਸਫ਼ਰ-ਏ-ਸ਼ਹਾਦਤ ਵਿਸ਼ੇਸ਼ ਸਮਾਗਮ:**

ਮਿਤੀ 21 ਦਸੰਬਰ, 2017 ਨੂੰ ਕਾਲਜ ਵੱਲੋਂ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਸਫ਼ਰ-ਏ-ਸ਼ਹਾਦਤ ਕਰਵਾਇਆ ਗਿਆ।

**22.14 ਅੰਤਰਰਾਸ਼ਟਰੀ ਵਿਸ਼ਵ ਖ਼ੁਸ਼ੀ ਦਿਵਸ:**

ਮਿਤੀ 20 ਮਾਰਚ, 2018 ਨੂੰ ਕਾਲਜ ਦੇ ਸੋਸ਼ਲ ਸਾਇੰਸ ਵਿਭਾਗ ਵੱਲੋਂ ਅੰਤਰਰਾਸ਼ਟਰੀ ਵਿਸ਼ਵ ਖ਼ੁਸ਼ੀ ਦਿਵਸ ਮਨਾਇਆ ਗਿਆ।

**22.15 ਗਣਤੰਤਰ ਦਿਵਸ:**

ਮਿਤੀ 25 ਜਨਵਰੀ, 2018 ਨੂੰ ਕਾਲਜ ਦੇ ਵੱਖ ਵੱਖ ਵਿਭਾਗਾਂ ਵੱਲੋਂ **ਗਣਤੰਤਰ ਦਿਵਸ** ਮਨਾਇਆ ਗਿਆ ਅਤੇ ਵਿਦਿਆਰਥੀਆਂ ਦੇ ਕਈ ਤਰ੍ਹਾਂ ਦੇ ਮੁਕਾਬਲੇ ਕਰਵਾਏ ਗਏ।

**22.16 ਰਾਸ਼ਟਰੀ ਵੋਟਰ ਦਿਵਸ:**

ਮਿਤੀ 25 ਜਨਵਰੀ, 2018 ਨੂੰ ਕਾਲਜ ਵਿਖੇ **ਰਾਸ਼ਟਰੀ ਵੋਟਰ ਦਿਵਸ** ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕੀਤਾ ਗਿਆ ਅਤੇ ਨਿਰਪੱਖ ਹੋ ਕੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਸਹੁੰ ਚੁਕਾਈ।

**23. ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਦੀਆਂ ਪ੍ਰਾਪਤੀਆਂ:**

ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਦੇ ਮੁਖੀ **ਡਾ. ਗੁਰਸ਼ਰਨ ਸਿੰਘ ਗਿੱਲ** ਦੇ ਸ਼ਲਾਘਾਯੋਗ ਯਤਨਾਂ ਸਦਕਾ ਇਸ ਵਿਭਾਗ ਦੇ ਵਿਦਿਆਰਥੀਆਂ ਨੇ ਨਿਮਨਲਿਖਤ ਅਨੁਸਾਰ ਸ਼ਾਨਦਾਰ ਪ੍ਰਾਪਤੀਆਂ ਹਾਸਲ ਕੀਤੀਆਂ ਹਨ:

**23.1 ਵਰਲਡ ਕੱਪ:**

ਕਾਲਜ ਵਾਸਤੇ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਇਸ ਦੇ ਹੋਣਹਾਰ ਆਰਚਰੀ ਖਿਡਾਰੀ **ਸੰਗਮਪ੍ਰੀਤ ਸਿੰਘ ਬਿਸਲਾ** ਦੀ ਚੋਣ **ਟਰਕੀ ਵਰਲਡ ਕੱਪ** ਲਈ ਹੋਈ।

**23.2 ਯੂਥ ਪੈਰਾ ਏਸ਼ੀਅਨ ਗੇਮਸ਼:**

ਐਥੇਲੈਟਿਕਸ ਖਿਡਾਰੀ **ਦਿਲਬਰਦੀਪ ਸਿੰਘ** ਨੇ ਦੁਬਈ ਵਿਖੇ ਹੋਈਆਂ **Para Asian Games** ਵਿਚ ਭਾਗ ਲਿਆ ਅਤੇ **ਬਰਾਂਜ ਮੈਡਲ** ਪ੍ਰਾਪਤ ਕੀਤਾ।

**23.3 ਸੀਨੀਅਰ ਨੈਸ਼ਨਲ:**

ਕਾਲਜ ਦੀ **ਆਰਚਰੀ** ਦੀ ਖਿਡਾਰਨ **ਪ੍ਰਭਜੋਤ ਕੌਰ** ਅਤੇ **ਪ੍ਰੀਤਇੰਦਰ ਕੌਰ** ਨੇ ਇਕ **ਬਰਾਂਜ ਮੈਡਲ** ਪ੍ਰਾਪਤ ਕੀਤਾ।

**23.4 ਆਲ ਇੰਡੀਆ ਇੰਟਰ ਵਰਸਿਟੀ:**

ਕਾਲਜ ਦੀ **ਆਰਚਰੀ** ਦੀ ਖਿਡਾਰਣ **ਪ੍ਰਭਜੋਤ ਕੌਰ** ਨੇ **ਦੋ ਗੋਲਡ ਮੈਡਲ**, **ਸੰਗਮਪ੍ਰੀਤ ਸਿੰਘ ਬਿਸਲਾ** ਨੇ **ਇਕ ਸਿਲਵਰ**, **ਇਕ ਬਰਾਂਜ ਮੈਡਲ** ਅਤੇ **ਪ੍ਰੀਤਇੰਦਰ ਕੌਰ** ਨੇ **ਇਕ ਸਿਲਵਰ ਮੈਡਲ** ਪ੍ਰਾਪਤ ਕੀਤਾ।

ਕਾਲਜ ਦੇ **ਹੈਂਡਬਾਲ (ਲੜਕੇ)** ਟੀਮ ਦੇ **7 ਖਿਡਾਰੀਆਂ** ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਪ੍ਰਤੀਨਿਧਤਾ ਕਰਦੇ ਹੋਏ **ਆਲ ਇੰਡੀਆ ਇੰਟਰ ਯੂਨੀਵਰਸਿਟੀ** ਮੁਕਾਬਲੇ ਵਿਚ **ਬਰਾਂਜ ਮੈਡਲ** ਪ੍ਰਾਪਤ ਕੀਤਾ।

ਕਾਲਜ ਦੀ **ਹੈਂਡਬਾਲ (ਲੜਕੀਆਂ)** ਦੀ ਟੀਮ ਦੀਆਂ 5 ਖਿਡਾਰਨਾਂ ਨੇ ਪੰਜਾਬੀ ਯੂਨੀਵਰਸਿਟੀ ਦੀ ਪ੍ਰਤੀਨਿਧਤਾ ਕਰਦੇ ਹੋਏ **ਆਲ ਇੰਡੀਆ ਇੰਟਰ ਯੂਨੀਵਰਸਿਟੀ** ਮੁਕਾਬਲਿਆਂ ਵਿਚੋਂ **ਬਰਾਂਜ ਮੈਡਲ** ਹਾਸਲ ਕੀਤਾ।

ਕਾਲਜ ਦੀ **ਸਾਇਕਲਿੰਗ** ਦੀ ਖਿਡਾਰਨ **ਜੈਸਮੀਨ ਕੌਰ** ਨੇ **ਇਕ ਸਿਲਵਰ ਮੈਡਲ ਰੋਡ ਇਵੈਂਟ** ਵਿਚੋਂ ਅਤੇ **ਤਿੰਨ ਸਿਲਵਰ ਮੈਡਲ ਟਰੈਕ ਇਵੈਂਟ** ਵਿਚੋਂ ਪ੍ਰਾਪਤ ਕੀਤੇ।

ਕਾਲਜ ਦੀ **ਬੈਡਮਿੰਟਨ** ਦੀ ਖਿਡਾਰਨ **ਅੰਤਿਮਾ** ਨੇ **ਆਲ ਇੰਡੀਆ ਇੰਟਰ ਯੂਨੀਵਰਸਿਟੀ** ਮੁਕਾਬਲਿਆਂ ਵਿਚ **ਭਾਗ** ਲਿਆ।

ਕਾਲਜ ਦੇ **ਐਥਲੈਟਿਕਸ** ਖਿਡਾਰੀ **ਗੁਰਪ੍ਰਤਾਪ** ਨੇ **ਆਲ ਇੰਡੀਆ ਇੰਟਰ ਯੂਨੀਵਰਸਿਟੀ** ਵਿਚੋਂ **ਸਿਲਵਰ**, **ਸੁਖਜਿੰਦਰ ਪਾਲ ਸਿੰਘ** ਨੇ **ਗੱਤਕਾ (ਲੜਕੇ)** ਵਿਚੋਂ **ਗੋਲਡ** ਅਤੇ **ਭਵਲੀਨ ਕੌਰ** ਨੇ **ਗੱਤਕਾ (ਲੜਕੀਆਂ)** ਵਿਚੋਂ **ਗੋਲਡ ਮੈਡਲ** ਪ੍ਰਾਪਤ ਕੀਤਾ।

ਕਾਲਜ ਦੇ **ਗੱਤਕਾ(ਲੜਕੇ)** ਦੇ ਖਿਡਾਰੀ **ਸੁਖਜਿੰਦਰ ਪਾਲ ਸਿੰਘ** ਨੇ **ਗੋਲਡ ਮੈਡਲ** ਪ੍ਰਾਪਤ ਕੀਤਾ। **ਗੱਤਕਾ (ਲੜਕੀਆਂ)** ਖਿਡਾਰਨ **ਭਵਲੀਨ ਕੌਰ** ਨੇ **ਗੋਲਡ ਮੈਡਲ** ਪ੍ਰਾਪਤ ਕੀਤਾ।

**23.5 ਅੰਤਰ ਕਾਲਜ ਮੁਕਾਬਲੇ:**

**ਆਰਚਰੀ** ਦੀ ਖਿਡਾਰਨ **ਪ੍ਰਭਜੋਤ ਕੌਰ** ਨੇ ਅੰਤਰ ਕਾਲਜ ਖੇਡ ਮੁਕਾਬਲਿਆਂ ਵਿਚ **5 ਗੋਲਡ ਮੈਡਲ** ਪ੍ਰਾਪਤ ਕੀਤੇ। **ਹੈਂਡਬਾਲ (ਲੜਕੇ)** ਦੀ ਟੀਮ ਨੇ **ਅੰਤਰ ਕਾਲਜ ਮੁਕਾਬਲਿਆਂ** ਵਿਚ **ਤੀਜਾ ਸਥਾਨ** ਹਾਸਲ ਕੀਤਾ। **ਹੈਂਡਬਾਲ (ਲੜਕੀਆਂ)** ਦੀ ਟੀਮ ਨੇ **ਪਹਿਲਾ ਸਥਾਨ** ਪ੍ਰਾਪਤ ਕੀਤਾ। **ਸਾਇਕਲਿੰਗ** ਦੀ ਖਿਡਾਰਨ **ਜੈਸਮੀਨ ਕੌਰ** ਨੇ **1 ਸਿਲਵਰ, 2 ਗੋਲਡ ਮੈਡਲ** ਪ੍ਰਾਪਤ ਕੀਤੇ ਅਤੇ **ਓਵਰਆਲ ਚੈਂਪੀਅਨਸ਼ਿਪ** ਜਿੱਤੀ। **ਬੈਡਮਿੰਟਨ (ਲੜਕੀਆਂ)** ਨੇ **ਤੀਜਾ ਸਥਾਨ**, **ਵਾਲੀਬਾਲ (ਲੜਕੀਆਂ)** ਦੀ ਟੀਮ ਨੇ **ਪਹਿਲਾ ਸਥਾਨ** ਅਤੇ **ਵਾਲੀਬਾਲ (ਲੜਕੇ)** ਦੀ ਟੀਮ ਨੇ **ਦੂਜਾ ਸਥਾਨ** ਹਾਸਲ ਕੀਤਾ। **ਬਾਕਸਿੰਗ (ਲੜਕੀਆਂ)** ਦੀ **ਖਿਡਾਰਨ ਭਾਵਨਾ** ਨੇ **ਬਰਾਂਜ ਮੈਡਲ** ਅਤੇ **ਬਾਕਸਿੰਗ (ਲੜਕੇ)** ਦੇ ਖਿਡਾਰੀ **ਚਿਰਾਗ** ਨੇ ਵੀ **ਬਰਾਂਜ ਮੈਡਲ** ਪ੍ਰਾਪਤ ਕੀਤਾ। **ਹਾਕੀ 5 ਸਾਈਡ, ਲੜਕੀਆਂ (ਇਨਡੋਰ)** ਦੀ ਟੀਮ ਨੇ **ਤੀਜਾ ਸਥਾਨ** ਅਤੇ **ਹਾਕੀ (ਲੜਕੀਆਂ)** ਨੇ ਦੂਜਾ ਸਥਾਨ ਪ੍ਰਾਪਤ ਕੀਤਾ। **ਰੋਇੰਗ (ਲੜਕੀਆਂ)** ਦੀ **ਖਿਡਾਰਨ ਨਵਰੀਤ ਕੌਰ** ਨੇ **2 ਬਰਾਂਜ ਮੈਡਲ** ਪ੍ਰਾਪਤ ਕੀਤੇ।

**23.6 ਖ਼ਾਲਸਾਈ ਖੇਡ ਸਮਾਰੋਹ:**

**ਖ਼ਾਲਸਾਈ ਖੇਡ ਸਮਾਰੋਹ** ਵਿੱਚ ਕਾਲਜ ਨੇ **ਓਵਰਆਲ (ਲੜਕੀਆਂ)** ਵਿੱਚ **ਦੂਜਾ ਸਥਾਨ** ਪ੍ਰਾਪਤ ਕੀਤਾ। ਕਾਲਜ ਨੇ **ਬੈਡਮਿੰਟਨ(ਲੜਕੀਆਂ)** ਵਿਚ **ਗੋਲਡ ਮੈਡਲ, ਹਾਕੀ (ਲੜਕੀਆਂ)** ਵਿੱਚ **ਗੋਲਡ ਮੈਡਲ, ਵਾਲੀਬਾਲ (ਲੜਕੇ)** ਵਿੱਚ **ਸਿਲਵਰ ਮੈਡਲ, ਹੈਂਡਬਾਲ (ਲੜਕੇ)** ਵਿੱਚ **ਗੋਲਡ ਮੈਡਲ, ਹੈਂਡਬਾਲ (ਲੜਕੀਆਂ)** ਵਿੱਚ **ਗੋਲਡ ਮੈਡਲ, ਫੁੱਟਬਾਲ (ਲੜਕੀਆਂ)** ਵਿੱਚ **ਸਿਲਵਰ ਮੈਡਲ, ਵਾਲੀਬਾਲ (ਲੜਕੀਆਂ)** ਵਿੱਚ **ਸਿਲਵਰ ਮੈਡਲ, ਬੈਡਮਿੰਟਨ (ਲੜਕੇ)** ਵਿਚ **ਬਰਾਂਜ ਮੈਡਲ, ਬਾਸਕਿਟਬਾਲ (ਲੜਕੇ)** ਵਿੱਚ **ਗੋਲਡ ਮੈਡਲ** ਅਤੇ **ਚੈੱਸ (ਲੜਕੀਆਂ)** ਵਿੱਚ **ਬਰਾਂਜ ਮੈਡਲ** ਪ੍ਰਾਪਤ ਕੀਤਾ।

# ਕਾਲਜ ਦੇ ਵੱਖ ਵੱਖ ਵਿਭਾਗਾਂ ਦੀਆਂ ਪ੍ਰਾਪਤੀਆਂ/ਗਤੀਵਿਧੀਆਂ:

**24. ਕਾਮਰਸ ਐਂਡ ਮੈਨੇਜਮੈਂਟ ਵਿਭਾਗ:**

**ਡਾ. ਜਸਲੀਨ ਕੌਰ** ਦੀ ਸੁਚੱਜੀ ਅਧੀਨ ਵਿਭਾਗ ਵੱਲੋਂ ਇਸ ਸੈਸ਼ਨ ਦੌਰਾਨ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਵਿਭਾਗ ਵੱਲੋਂ **7 ਮੁਕਾਬਲੇ** ਕਰਵਾਏ ਗਏ।

ਮਿਤੀ 7 ਮਾਰਚ, 2017 ਨੂੰ ਵਿਦਿਆਰਥੀਆਂ ਦਾ **Innovation in Waste** ਵਿਸ਼ੇ 'ਤੇ ਮੁਕਾਬਲਾ ਕਰਵਾਇਆ ਗਿਆ। ਮਿਤੀ 8 ਮਾਰਚ, 2017 ਨੂੰ ਪੋਸਟ ਗ੍ਰੈਜੂਏਟ ਦੇ ਵਿਦਿਆਰਥੀਆਂ ਦਾ **ਮਾਈਂਡ ਸਪਾਰਕ ਕੁਇਜ਼ ਮੁਕਾਬਲਾ** ਕਰਵਾਇਆ ਗਿਆ। ਮਿਤੀ 11 ਅਗਸਤ, 2017 ਨੂੰ ਆਜ਼ਾਦੀ ਦਿਵਸ ਦੇ ਸਬੰਧ ਵਿਚ ਵਿਦਿਆਰਥੀਆਂ ਦੀਆਂ **ਵੱਖ-ਵੱਖ ਪ੍ਰਤੀਯੋਗਤਾਵਾਂ** ਆਯੋਜਿਤ ਕਰਵਾਈਆਂ ਗਈਆ ।ਮਿਤੀ 17 ਅਕਤੂਬਰ, 2017 ਨੂੰ ਵਿਦਿਆਰਥੀਆਂ ਦੇ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਦੇ ਸਬੰਧ ਵਿੱਚ **ਰੰਗੋਲੀ ਅਤੇ ਸਲੋਗਨ ਮੁਕਾਬਲੇ** ਕਰਵਾਏ ਗਏ। ਮਿਤੀ 26 ਫਰਵਰੀ, 2018 ਨੂੰ ਵਿਦਿਆਰਥੀਆਂ ਦੀਆਂ **Treasure Hunt, Sales Persons, Ad Mad Show, Card Making, Creativity in Charters** ਵਿਸ਼ੇ 'ਤੇ **ਪ੍ਰਤੀਯੋਗਤਾਵਾਂ** ਕਰਵਾਈਆਂ ਗਈਆਂ। ਮਿਤੀ 27 ਫਰਵਰੀ 2018 ਨੂੰ ਵਿਦਿਆਰਥੀਆਂ ਦੇ **ਆਰ.ਜੇ. ਭਾਲ ਅਤੇ ਸਮਾਜਿਕ ਸਮੱਸਿਆ ਪ੍ਰਤੀ ਚੇਤਨਾ ਪੈਦਾ ਕਰਨ ਸਬੰਧੀ ਫ਼ਿਲਮ ਬਣਾਉਣ** ਦੇ **ਮੁਕਾਬਲੇ** ਕਰਵਾਏ ਗਏ। ਮਿਤੀ 28 ਫਰਵਰੀ 2018 ਨੂੰ ਵਿਦਿਆਰਥੀਆਂ ਦੇ ਅਖ਼ਬਾਰ ਦੀ ਵਰਤੋਂ ਨਾਲ **ਬਣਾਈਆਂ ਵਸਤੂਆਂ ਅਤੇ ਚਿੱਤਰ ਬਣਾਉਣ** ਦੇ **ਮੁਕਾਬਲੇ** ਕਰਵਾਏ ਗਏ।

**ਵਿਭਾਗ ਵੱਲੋਂ 03 ਓਰੀਐਂਟੇਸ਼ਨ ਕੋਰਸ ਆਯੋਜਿਤ ਕੀਤੇ ਗਏ:**

ਮਿਤੀ 04 ਅਗਸਤ, 2017 ਨੂੰ ਵਿਭਾਗ ਵੱਲੋਂ ਐਮ.ਐਲ.ਡੀ.,ਐਮ.ਬੀ.ਏ. ਅਤੇ ਬੀ.ਬੀ.ਏ.ਭਾਗ ਪਹਿਲਾ ਦੇ ਵਿਦਿਆਰਥੀਆਂ ਲਈ **ਓਰੀਐਂਟੇਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ।

ਮਿਤੀ 18 ਅਗਸਤ, 2018 ਨੂੰ ਬੀ.ਕਾਮ. ਭਾਗ ਪਹਿਲਾ ਅਤੇ ਬੀ .ਕਾਮ (ਅਕਾਊਂਟਿੰਗ ਐਂਡ ਫਾਇਨਾਂਸ) ਭਾਗ ਪਹਿਲਾ ਦੇ ਵਿਦਿਆਰਥੀਆਂ ਲਈ ਇੱਕ **ਓਰੀਐਂਟੇਸ਼ਨ ਪ੍ਰੋਗਰਾਮ** ਆਯੋਜਿਤ ਕੀਤਾ ਗਿਆ। ਜਿਸ ਵਿੱਚ ਵਿਦਿਆਰਥੀਆਂ ਨੂੰ ਕਾਲਜ ਦੇ ਨਿਯਮਾਂ ਨਾਲ ਜਾਣੂ ਕਰਵਾਇਆ ਗਿਆ ।

ਮਿਤੀ 15 ਸਤੰਬਰ 2017 ਨੂੰ ਬੀ .ਕਾਮ (ਆਨਰਜ਼) ਭਾਗ ਪਹਿਲਾ ਦੇ ਵਿਦਿਆਰਥੀਆਂ ਦਾ ਇਕ ਰੋਜ਼ਾ **ਓਰੀਐਂਟੇਸ਼ਨ ਪ੍ਰੋਗਰਾਮ ਆਯੋਜਿਤ** ਕੀਤਾ ਗਿਆ ਅਤੇ ਵਿਦਿਆਰਥੀਆਂ ਦੀਆਂ ਵੱਖ ਵੱਖ ਪ੍ਰਤੀਯੋਗਤਾਵਾਂ ਕਰਵਾਈਆਂ ਗਈਆਂ ।

ਉਪਰੋਕਤ ਤੋਂ ਇਲਾਵਾ ਵਿਭਾਗ ਵੱਲੋਂ ਮਿਤੀ 14 ਮਾਰਚ 2017 ਨੂੰ **ਸਪਰਿੰਗ ਸਪ੍ਰੀ** ਆਯੋਜਿਤ ਕਰਵਾਇਆ ਗਿਆ।

ਮਿਤੀ 18-19 ਮਾਰਚ, 2018 ਨੂੰ "Promoting Interfaith Issues Through Capacity Building of Graduate Level Students of Influential Faith Leaders ਵਿਸ਼ੇ 'ਤੇ **ਦੋ ਰੋਜ਼ਾ ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ।

ਮਿਤੀ 9 ਅਕਤੂਬਰ, 2017 ਨੂੰ ਵਿਭਾਗ ਵੱਲੋਂ Critical Thinking in Teaching of Commerce and Manegement Education ਵਿਸ਼ੇ 'ਤੇ **ਇੱਕ ਰੋਜ਼ਾ ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ।

ਮਿਤੀ 16 ਅਕਤੂਬਰ, 2017 ਨੂੰ ਵਿਭਾਗ ਦੇ ਵਿਦਿਆਰਥੀਆਂ ਨੇ **ਦੀਵਾਲੀ ਦੇ ਤਿਉਹਾਰ ਦੇ ਮੌਕੇ 'ਤੇ ਪਿੰਗਲਵਾੜਾ ਦੇ ਬੱਚਿਆਂ ਨਾਲ ਸਾਂਝੇ ਤੌਰ 'ਤੇ** ਤਿਉਹਾਰ ਮਨਾਉਂਦੇ ਹੋਏ ਉਨ੍ਹਾਂ ਨੂੰ ਲੋੜੀਂਦੀ ਸਮੱਗਰੀ ਵੰਡੀ ।

ਮਿਤੀ 1 ਮਾਰਚ, 2018 ਨੂੰ ਵਿਭਾਗ ਵੱਲੋਂ **ਬਸੰਤ ਮੇਲਾ** ਆਯੋਜਿਤ ਕੀਤਾ ਗਿਆ। ਜਿਸ ਵਿੱਚ **ਡਾ. ਗੁਰਦੀਪ ਬੱਤਰਾ**, ਡੀਨ ਅਕਾਦਮਿਕ ,ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

## 25. ਪੋਸਟ ਗ੍ਰੈਜੂਏਟ ਡਿਪਾਰਟਮੈਂਟ ਆਫ਼ ਕੰਪਿਊਟਰ ਸਾਇੰਸ ਅਤੇ ਕੰਪਿਉਟੋਨਿਕਸ ਕਲੱਬ:

ਵਿਭਾਗ ਦੇ ਮੁਖੀ **ਪ੍ਰੋ. ਸੁਖਮੀਨ ਕੌਰ** ਦੀ ਯੋਗ ਅਗਵਾਈ ਹੇਠ ਇਸ ਵਿਭਾਗ ਅਤੇ ਕਲੱਬ ਦੇ ਕਨਵੀਨਰ **ਪ੍ਰੋ. ਇੰਦਰਬੀਰ ਕੌਰ** ਦੇ ਯਤਨਾਂ ਸਦਕਾ ਸੈਸ਼ਨ ਦੇ ਆਰੰਭ ਵਿਚ ਕਲੱਬ ਦੇ **ਵਿਦਿਆਰਥੀ ਅਹੁਦੇਦਾਰਾਂ** ਦੀ ਚੋਣ ਕੀਤੀ ਗਈ। ਮਿਤੀ 1 ਸਤੰਬਰ, 2017 ਨੂੰ ਵਿਦਿਆਰਥੀਆਂ ਦਾ ਸਾਫਟਵੇਅਰ ਪ੍ਰਤੀ ਗਿਆਨ ਵਧਾਉਣ ਲਈ **Create Your Website in 15 Days** ਵਿਸ਼ੇ 'ਤੇ **15 ਦਿਨਾਂ ਦੀ ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ।

ਮਿਤੀ 5 ਸਤੰਬਰ, 2017 ਨੂੰ ਅਧਿਆਪਕ ਦਿਵਸ ਮੌਕੇ 'ਤੇ ਵਿਦਿਆਰਥੀਆਂ ਵੱਲੋਂ **Greeting Cards** ਅਤੇ **Poster** ਬਣਾਏ ਗਏ। ਮਿਤੀ 17 ਅਕਤੂਬਰ, 2017 ਨੂੰ ਦਿਵਾਲੀ ਦੇ ਮੌਕੇ 'ਤੇ **Yes to Green Diwali and No to Crackers** ਦਾ ਸੰਦੇਸ਼ ਦਿੰਦੇ ਹੋਏ ਵਿਦਿਆਰਥੀਆਂ ਵੱਲੋਂ ਕਾਲਜ ਕੈਂਪਸ ਵਿਚ **ਫਲਾਂ ਅਤੇ ਫੁੱਲਾਂ ਦੇ ਬੂਟੇ** ਲਗਾਏ ਗਏ, ਵਿਦਿਆਰਥੀਆਂ ਦੇ **ਪੋਸਟਰ** ਅਤੇ **ਰੰਗੋਲੀ ਬਣਾਉਣ ਦੇ ਮੁਕਾਬਲੇ** ਵੀ ਕਰਵਾਏ ਗਏ।

ਮਿਤੀ 14 ਨਵੰਬਰ, 2017 ਨੂੰ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ ਵੱਲੋਂ **ਚਿਲਡਰਨ ਡੇ** ਦੇ ਮੌਕੇ 'ਤੇ **ਝੁੱਗੀ ਝੌਂਪੜੀਆਂ ਅਤੇ ਪਿੰਡਾਂ ਦੇ ਸਕੂਲਾਂ ਵਿਚ ਲੋੜਵੰਦ ਬੱਚਿਆਂ ਨੂੰ ਕੰਬਲ, ਫਲ ਅਤੇ ਹੋਰ ਲੋੜੀਂਦਾ ਸਮਾਨ** ਵੰਡਿਆ ਗਿਆ।

ਮਿਤੀ 25 ਜਨਵਰੀ, 2018 ਨੂੰ ਗਣਤੰਤਰ ਦਿਵਸ ਮੌਕੇ ਵਿਦਿਆਰਥੀਆਂ ਦੇ **ਪੋਸਟਰ ਮੇਕਿੰਗ** ਅਤੇ **ਗਰੀਟਿੰਗ ਕਾਰਡ** ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਪ੍ਰਿੰਸੀਪਲ **ਡਾ. ਧਰਮਿੰਦਰ ਸਿੰਘ ਉੱਭਾ** ਨੇ ਵਿਦਿਆਰਥੀਆਂ ਨੂੰ **ਗਣਤੰਤਰ ਦਿਵਸ ਦੀ ਮਹੱਤਤਾ ਅਤੇ ਟੈਕਨਾਲੋਜੀ ਦਾ ਪ੍ਰਭਾਵ** ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਦਿੱਤਾ।

ਮਿਤੀ 7 ਫਰਵਰੀ, 2018 ਨੂੰ ਕਲੱਬ ਦੇ 20 ਵਿਦਿਆਰਥੀਆਂ ਨੇ ਮੋਦੀ ਕਾਲਜ, ਪਟਿਆਲਾ ਵਿਖੇ ਹੋਈ **Technoquest-2018** ਵਿਚ **Test Your Skill in C', Rangoli, Spelling Bee, Paper Presentation** ਅਤੇ **Website Development** ਆਦਿ ਗਤੀਵਿਧੀਆਂ ਵਿਚ ਭਾਗ ਲਿਆ ਅਤੇ ਇਨਾਮ ਹਾਸਲ ਕੀਤੇ।

ਮਿਤੀ 26 ਫਰਵਰੀ, 2018 ਨੂੰ **ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ** ਵੱਲੋਂ **Website Development** ਦੀਆਂ ਜੇਤੂ ਛੇ ਟੀਮਾਂ ਨੂੰ ਨਕਦ ਇਨਾਮ ਅਤੇ ਸਰਟੀਫਿਕੇਟ ਦਿੱਤੇ ਗਏ।

ਮਿਤੀ 1 ਮਾਰਚ, 2018 ਨੂੰ ਵਿਦਿਆਰਥੀਆਂ ਵੱਲੋਂ **ਸਪਰਿੰਗ ਸਪ੍ਰੀ** ਵਿਚ **Game Playing** 'ਤੇ ਸਟਾਲ ਲਗਾਈ ਗਈ। ਇਸ ਤੋਂ ਇਲਾਵਾ ਵਿਭਾਗ ਅਤੇ ਕਲੱਬ ਦੇ ਵਿਦਿਆਰਥੀਆਂ ਵੱਲੋਂ ਸਮੇਂ ਸਮੇਂ ਤੇ ਆਯੋਜਿਤ ਕੀਤੀਆਂ ਗਈਆਂ **ਸਭਿਆਚਾਰਕ ਗਤੀਵਿਧੀਆਂ ਅਤੇ ਖੇਡਾਂ** ਵਿਚ ਭਾਗ ਲਿਆ ਗਿਆ।

## ਸਾਇੰਸ ਵਿਭਾਗ

### 26. ਖੇਤੀਬਾੜੀ ਵਿਭਾਗ

ਵਿਭਾਗ ਦੇ ਮੁਖੀ **ਪ੍ਰੋ.ਰਾਜਦੀਪ ਸਿੰਘ ਧਾਲੀਵਾਲ** ਅਤੇ ਸਮੁੱਚੇ ਵਿਭਾਗ ਦੇ ਯਤਨਾਂ ਸਦਕਾ ਇਸ ਸੈਸ਼ਨ ਦੌਰਾਨ ਵਿਦਿਆਰਥੀਆਂ ਦੇ **ਛੇ ਵਿੱਦਿਅਕ ਟੂਰ** ਲਿਜਾਏ ਗਏ। ਮਿਤੀ 24 ਅਪ੍ਰੈਲ 2017 ਨੂੰ ਬੀ.ਐਸਸੀ. ਮੈਡੀਕਲ ਭਾਗ ਦੂਜਾ ਦੇ ਵਿਦਿਆਰਥੀਆਂ ਦਾ **ਮੈਡੀਕਲ ਕਾਲਜ ਪਟਿਆਲਾ** ਅਤੇ **ਰਾਜਿੰਦਰਾ ਹਸਪਤਾਲ ਪਟਿਆਲਾ** ਵਿਖੇ ਕਲੀਨਿਕ ਲੈਬਾਰਟਰੀ ਦਾ ਇੱਕ ਰੋਜ਼ਾ ਵਿੱਦਿਅਕ ਦੌਰਾ ਕਰਵਾਇਆ ਗਿਆ। ਮਿਤੀ 13 ਸਤੰਬਰ 2017 ਨੂੰ ਬੀ.ਐੱਸਸੀ. ਐਗਰੀਕਲਚਰ ਆਨਰਜ਼ ਭਾਗ ਦੂਜਾ ਦਾ **ਕੋ ਆਪ੍ਰੇਟਿਵ ਸੁਸਾਇਟੀ ਕਲਿਆਣ** ਦਾ ਵਿੱਦਿਅਕ ਦੌਰਾ ਕਰਵਾਇਆ ਗਿਆ। ਮਿਤੀ 19 ਸਤੰਬਰ 2017 ਨੂੰ ਬੀ.ਐਸਸੀ. ਐਗਰੀਕਲਚਰ ਆਨਰਜ਼ ਪਹਿਲਾਂ ਦੇ ਵਿਦਿਆਰਥੀਆਂ ਦਾ **ਕੇ.ਵੀ.ਕੇ. ਰੌਣੀ ਪਟਿਆਲਾ** ਵਿਖੇ ਆਯੋਜਿਤ **ਕਿਸਾਨ ਮੇਲੇ** ਦਾ ਦੌਰਾ ਕਰਵਾਇਆ ਗਿਆ। ਮਿਤੀ 23 ਸਤੰਬਰ 2017 ਨੂੰ ਬੀ.ਐਸਸੀ. ਐਗਰੀਕਲਚਰ ਭਾਗ ਦੂਜਾ ਦੇ ਵਿਦਿਆਰਥੀਆਂ ਦਾ **ਪੀ.ਏ.ਯੂ. ਲੁਧਿਆਣਾ** ਵਿਖੇ ਲੱਗੇ **ਕਿਸਾਨ ਮੇਲੇ** ਦਾ ਦੌਰਾ ਕਰਵਾਇਆ ਗਿਆ। ਮਿਤੀ 28 ਅਕਤੂਬਰ 2017 ਨੂੰ ਬੀ.ਐਸਸੀ. ਐਗਰੀਕਲਚਰ ਆਨਰਜ਼ ਭਾਗ ਪਹਿਲਾ ਦੇ ਵਿਦਿਆਰਥੀਆਂ ਦਾ **ਅਗਾਂਹਵਧੂ ਕਿਸਾਨ ਸਰਦਾਰ ਬਲਰਾਜ ਸਿੰਘ ਪਿੰਡ ਗੱਜੀਸਲਾਰ ਸੰਗਰੂਰ** ਦੇ ਫਾਰਮ ਦਾ ਵਿੱਦਿਅਕ ਦੌਰਾ ਕਰਵਾਇਆ। ਮਿਤੀ 14 ਫਰਵਰੀ 2018 ਨੂੰ ਬੀ.ਐਸਸੀ. ਐਗਰੀਕਲਚਰ ਭਾਗ ਚੌਥਾ ਦੇ ਵਿਦਿਆਰਥੀਆਂ ਦਾ **ਕੋ ਆਪ੍ਰੇਟਿਵ ਸੁਸਾਇਟੀ ਕਲਿਆਣ** ਦਾ ਇੱਕ ਰੋਜ਼ਾ ਵਿੱਦਿਅਕ ਦੌਰਾ ਕਰਵਾਇਆ ਗਿਆ

### 27 ਬਾਇਓਟੈਕਨਾਲੋਜੀ ਵਿਭਾਗ

ਵਿਭਾਗ ਦੇ ਮੁਖੀ ਪ੍ਰੋਫੈਸਰ **ਡਾ. ਨਿਪੁੰਨਜੋਤ ਕੌਰ** ਦੀ ਅਗਵਾਈ ਹੇਠ ਵਿਭਾਗ ਦੇ ਬੀ.ਐਸਸੀ. ਬਾਇਓਟੈਕਨਾਲੋਜੀ ਭਾਗ ਤੀਜਾ ਦੇ ਵਿਦਿਆਰਥੀ **ਕੁਲਦੀਪ ਸ਼ਰਮਾ, ਅਰਸ਼ਜੋਤ ਕੌਰ ਮਿਲਨਜੋਤ ਕੌਰ ਅਤੇ ਯਾਦਵਿੰਦਰ ਸਿੰਘ** ਨੇ ਮਿਤੀ 24 ਫਰਵਰੀ 2018 ਨੂੰ ਪਬਲਿਕ ਕਾਲਜ ਸਮਾਣਾ ਵਿਖੇ ਆਯੋਜਿਤ **ਅੰਤਰ ਕਾਲਜ ਸਾਇੰਸ ਮੇਲੇ** ਵਿੱਚ **ਸੋਨੇ ਦਾ ਤਮਗਾ** ਹਾਸਲ ਕੀਤਾ।

### 28. ਫਿਜ਼ਿਕਸ ਵਿਭਾਗ

ਵਿਭਾਗ ਦੇ ਮੁਖੀ **ਡਾ. ਤਰਲੋਚਨ ਸਿੰਘ ਮਹਾਜਨ** ਦੀ ਯੋਗ ਅਗਵਾਈ ਅਧੀਨ ਵਿਭਾਗ ਵੱਲੋਂ ਮਿਤੀ 22 ਦਸੰਬਰ 2017 ਨੂੰ Computer Interfaced Science Experiments for Physics Techers and Engineers ਵਿਸ਼ੇ ਤੇ **ਇੱਕ ਰੋਜ਼ਾ ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਦੌਰਾਨ **ਪ੍ਰੋ. ਭਜਨ ਸਿੰਘ** ਫਿਜ਼ਿਕਸ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਗੈਸਟ ਆਫ਼ ਆਨਰ ਅਤੇ **ਪ੍ਰੋ. ਰਾਜੇਸ਼ ਖੰਨਾ** ਇਲੈਕਟ੍ਰਾਨਿਕ ਵਿਭਾਗ ਥਾਪਰ ਯੂਨੀਵਰਸਿਟੀ ਪਟਿਆਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਇਸ ਮੌਕੇ ਵੱਖ ਵੱਖ ਕਾਲਜਾਂ ਤੋਂ 40 ਦੇ ਕਰੀਬ **ਪ੍ਰੋਫੈਸਰ ਸਾਹਿਬਾਨ** ਨੇ ਸ਼ਿਰਕਤ ਕੀਤੀ

## ਆਰਟਸ ਵਿਭਾਗ

### 29. ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਪੰਜਾਬੀ ਸਾਹਿਤ ਸਭਾ:

ਵਿਭਾਗ ਦੇ ਮੁਖੀ **ਪ੍ਰੋ. ਪਰਮਜੀਤ ਕੌਰ** ਦੀ ਸੁਚੱਜੀ ਦੇਖ ਰੇਖ ਹੇਠ ਅਤੇ ਪੰਜਾਬੀ ਸਾਹਿਤ ਸਭਾ ਦੇ ਕਨਵੀਨਰ ਡਾ. ਦਵਿੰਦਰ ਸਿੰਘ ਦੇ ਯਤਨਾਂ ਸਦਕਾ ਮਿਤੀ 7 ਸਤੰਬਰ 2017 ਨੂੰ ਕਾਲਜ ਦੇ ਸਮੂਹ ਵਿਭਾਗਾਂ ਦੇ ਵਿਦਿਆਰਥੀਆਂ ਦਾ **ਕਾਵਿ ਉਚਾਰਨ ਮੁਕਾਬਲਾ** ਕਰਵਾਇਆ ਗਿਆ।

ਵਿਭਾਗ ਵੱਲੋਂ 3 ਸੈਮੀਨਾਰ ਆਯੋਜਿਤ ਕੀਤੇ ਗਏ। 22 ਅਕਤੂਬਰ 2017 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਸਰਪ੍ਰਸਤੀ ਅਧੀਨ **ਭਾਈ ਗੁਰਦਾਸ ਜੀ ਦੀ ਸ਼ਖ਼ਸੀਅਤ ਅਤੇ ਰਚਨਾ** ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

ਮਿਤੀ 1 ਨਵੰਬਰ 2017 ਨੂੰ **ਪੰਜਾਬੀ ਦਿਵਸ** ਨੂੰ ਸਮਰਪਿਤ **ਪੰਜਾਬ, ਪੰਜਾਬੀ ਤੇ ਪੰਜਾਬੀਅਤ: ਚਿੰਤਾ ਤੇ ਚਿੰਤਨ** ਵਿਸ਼ੇ 'ਤੇ ਜ਼ਿਲ੍ਹਾ ਪੱਧਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

ਮਿਤੀ 5 ਦਸੰਬਰ 2017 ਨੂੰ **ਭਾਈ ਵੀਰ ਸਿੰਘ ਜੀ ਦੇ 145ਵੇਂ ਜਨਮ ਦਿਨ** ਨੂੰ ਸਮਰਪਿਤ **ਭਾਈ ਵੀਰ ਸਿੰਘ- ਜੀਵਨ ਤੇ ਰਚਨਾ** ਵਿਸ਼ੇ ਤੇ ਕਾਲਜ ਪੱਧਰੀ ਸੈਮੀਨਾਰ ਕਰਵਾਇਆ ਗਿਆ।

ਮਿਤੀ 9 ਜਨਵਰੀ 2018 ਨੂੰ ਸ. **ਸੁਖਜਿੰਦਰ ਸਿੰਘ (ਸੁੱਖੀ ਬਾਠ)** ਨਾਲ **ਪੰਜਾਬੀ ਸੱਭਿਆਚਾਰ ਦਾ ਅੰਤਰਰਾਸ਼ਟਰੀ ਮੁਹਾਂਦਰਾ** ਵਿਸ਼ੇ ਤੇ **ਰੂ-ਬ-ਰੂ ਪ੍ਰੋਗਰਾਮ** ਕਰਵਾਇਆ ਗਿਆ।

ਮਿਤੀ 12 ਜਨਵਰੀ 2018 ਨੂੰ **ਪੰਜਾਬੀ ਜਰਨਲਿਜ਼ਮ** ਦੇ ਵਿਦਿਆਰਥੀਆਂ ਵੱਲੋਂ **ਰਵਾਇਤੀ ਪੰਜਾਬੀ ਤਿਉਹਾਰਾਂ ਦਾ ਬਦਲ ਰਿਹਾ ਮੁਹਾਂਦਰਾ** ਵਿਸ਼ੇ 'ਤੇ ਖੁੱਲ੍ਹਾ ਸੰਵਾਦ ਰਚਾਇਆ ਗਿਆ।

ਮਿਤੀ 22 ਜਨਵਰੀ 2018 ਨੂੰ ਬਸੰਤ ਪੰਚਮੀ ਦੇ ਵਿਸ਼ੇਸ਼ ਅਵਸਰ ਤੇ ਹਿੰਦੀ ਵਿਭਾਗ ਦੇ ਸਹਿਯੋਗ ਨਾਲ ਰਾਸ਼ਟਰੀ ਪੱਧਰ ਦੇ **ਕਵੀ ਦਰਬਾਰ** ਦਾ ਆਯੋਜਨ ਕੀਤਾ ਗਿਆ।

ਮਿਤੀ 21-22 ਫਰਵਰੀ 2018 ਨੂੰ ਅੰਤਰ ਰਾਸ਼ਟਰੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ **ਪੰਜਾਬੀ ਭਾਸ਼ਾ ਦੀ ਗਲੋਬਲੀ ਸਥਿਤੀ ਤੇ ਸੰਭਾਵਨਾਵਾਂ** ਵਿਸ਼ੇ 'ਤੇ **ਦੋ ਰੋਜ਼ਾ ਅੰਤਰ ਰਾਸ਼ਟਰੀ ਖ਼ਾਲਸਾ ਕਾਲਜ ਗਲੋਬਲ ਪੰਜਾਬੀ ਕਾਨਫਰੰਸ** ਕਰਵਾਈ ਗਈ ਜਿਸ ਵਿੱਚ **ਛੇ ਵਿਦਵਾਨਾਂ** ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਸੈਸ਼ਨ ਦੌਰਾਨ ਵਿਭਾਗ ਦੇ ਉੱਦਮ ਸਦਕਾ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ **ਡਾ. ਧਰਮਿੰਦਰ ਸਿੰਘ ਉੱਭਾ** ਦਾ ਕਾਵਿ ਸੰਗ੍ਰਹਿ **ਤੇਰੀ ਆਗੋਸ਼ ਵਿੱਚ** ਲੋਕ ਅਰਪਣ ਕੀਤਾ ਗਿਆ।

**ਪ੍ਰੋ. ਪਰਮਜੀਤ ਕੌਰ ਅਤੇ ਡਾ. ਹਰਜੀਤ ਕੌਰ** ਦੁਆਰਾ ਬੀ.ਏ. ਭਾਗ ਤੀਜਾ ਦੇ ਵਿਦਿਆਰਥੀਆਂ ਲਈ ਸੰਪਾਦਿਤ ਕੀਤੀ ਗਈ ਪਾਠ ਪੁਸਤਕ **ਮੁੱਢਲਾ ਗਿਆਨ** ਲੋਕ ਅਰਪਣ ਕੀਤੀ ਗਈ

**30. ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਅਤੇ ਇੰਗਲਿਸ਼ ਲਿਟਰੇਰੀ ਸੁਸਾਇਟੀ**

ਅੰਗਰੇਜ਼ੀ ਵਿਭਾਗ ਦੇ ਮੁਖੀ **ਡਾ. ਦੀਪਇੰਦਰਜੀਤ ਰੰਧਾਵਾ** ਦੀ ਰਹਿਨੁਮਾਈ ਅਧੀਨ ਇਸ ਵਿਭਾਗ ਵੱਲੋਂ ਬਣਾਈ ਗਈ **ਇੰਗਲਿਸ਼ ਲਿਟਰੇਰੀ ਸੁਸਾਇਟੀ** ਦੇ ਵਿਦਿਆਰਥੀ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਸੁਸਾਇਟੀ ਦੇ ਕਨਵੀਨਰ **ਡਾ. ਰੂਬਲ ਬਰਾੜ** ਦੇ ਯਤਨਾਂ ਸਦਕਾ **700** ਤੋਂ ਵੱਧ ਵਿਦਿਆਰਥੀਆਂ ਨੂੰ ਇਸ ਦੇ ਮੈਂਬਰ ਬਣਾਇਆ ਗਿਆ ਵਿਭਾਗ ਦੀ ਇੰਗਲਿਸ਼ ਲਿਟਰੇਰੀ ਸੁਸਾਇਟੀ ਵੱਲੋਂ ਮਿਤੀ 29 ਸਤੰਬਰ 2017 ਨੂੰ **Inter College Poetic Recitation and Poetic Quiz** ਕਰਵਾਇਆ ਗਿਆ ਜਿਸ ਵਿੱਚ ਪੰਜਾਬ ਦੇ ਵੱਖ ਵੱਖ 7 ਕਾਲਜਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਸੁਸਾਇਟੀ ਵੱਲੋਂ ਵਿਦਿਆਰਥੀਆਂ ਦੀ ਸਹੂਲਤ ਲਈ 24 ਪਾਠ ਪੁਸਤਕਾਂ ਖਰੀਦੀਆਂ ਗਈਆਂ। ਇਸ ਤੋਂ ਇਲਾਵਾ ਵਿਭਾਗ ਦੇ ਅਧਿਆਪਕ ਸਾਹਿਬਾਨ ਦੁਆਰਾ ਸੰਪਾਦਿਤ ਕੀਤੀਆਂ ਗਈਆਂ ਤਿੰਨ ਪਾਠ ਪੁਸਤਕਾਂ Flames of Inspiration, Diverse Voices, All Time Stories ਵੱਖ ਵੱਖ ਸਮੇਂ ਦੇ ਲੋਕ ਅਰਪਣ ਕੀਤੀਆਂ ਗਈਆਂ।

ਮਿਤੀ 30 ਜਨਵਰੀ 2018 ਨੂੰ ਵਿਭਾਗ ਵੱਲੋਂ **ਪ੍ਰੋ. ਰੋਮੀਨਾ ਸੇਠੀ** ਅੰਗਰੇਜ਼ੀ ਅਤੇ ਸੱਭਿਆਚਾਰਕ ਅਧਿਐਨ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਐਮ. ਏ, ਐਮ. ਫਿਲ. ਅਤੇ ਇੰਗਲਿਸ਼ ਆਨਰਜ਼ ਦੇ ਵਿਦਿਆਰਥੀਆਂ ਨੂੰ **The Story of Civilization** ਵਿਸ਼ੇ 'ਤੇ ਲੈਕਚਰ ਦਿੱਤਾ।

ਮਿਤੀ 13 ਫਰਵਰੀ 2018 ਨੂੰ ਵਿਭਾਗ ਵੱਲੋਂ **Research Methodology** ਵਿਸ਼ੇ 'ਤੇ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਜਿਸ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ **ਡਾ. ਤੇਜਿੰਦਰ ਕੌਰ** ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਿਹਗੜ੍ਹ ਸਾਹਿਬ ਤੋਂ **ਡਾ. ਸਵਰਾਜ ਰਾਜ** ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ।

ਵਿਭਾਗ ਅਧੀਨ ਚੱਲ ਰਹੀ ਇਸ ਸੁਸਾਇਟੀ ਵੱਲੋਂ ਮਿਤੀ 28 ਫਰਵਰੀ 2018 ਨੂੰ **ਸ਼ੈਕਸਪੀਅਰ ਮੇਲੇ** ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਸ਼ੈਕਸਪੀਅਰ ਦੇ ਤਿੰਨ ਮਸ਼ਹੂਰ ਨਾਟਕਾਂ **ਜੂਲੀਅਸ ਸੀਜ਼ਰ, ਹੈਮਲੈਟ ਅਤੇ ਮਰਚੈਂਟ ਆਫ਼ ਵੀਨਸ** ਵਿੱਚੋਂ ਬੈਸਟ ਸੀਨਜ਼ ਦੀ ਪ੍ਰਤੀਯੋਗਤਾ ਕਰਵਾਈ ਗਈ। ਮੇਲੇ ਦੌਰਾਨ ਪੂਰੇ ਨਾਟਕ **ਮੈਕਬੈਥ** ਦਾ ਵੀ ਮੰਚਨ ਕੀਤਾ ਗਿਆ।

**31. ਹਿੰਦੀ ਵਿਭਾਗ, ਐਡ ਆਨ ਕੋਰਸ ਟਰਾਂਸਲੇਸ਼ਨ ਪ੍ਰੋਫੀਸ਼ੈਂਸੀ**

ਹਿੰਦੀ ਵਿਭਾਗ ਦੇ ਮੁਖੀ **ਡਾ. ਹਰਵਿੰਦਰ ਕੌਰ** ਦੀ ਸੁਚੱਜੀ ਦੇਖ ਰੇਖ ਅਧੀਨ ਸਤੰਬਰ 2017 ਵਿੱਚ **ਹਿੰਦੀ ਸਾਹਿਤ ਪ੍ਰੀਸ਼ਦ** ਵੱਲੋਂ ਵਿਦਿਆਰਥੀਆਂ ਦਾ **ਪੀੜ੍ਹੀ ਅੰਤਰਾਲ** ਵਿਸ਼ੇ 'ਤੇ **ਪੇਪਰ ਰੀਡਿੰਗ ਮੁਕਾਬਲਾ** ਕਰਵਾਇਆ ਗਿਆ। ਮਿਤੀ 14 ਸਤੰਬਰ 2017 ਨੂੰ **ਹਿੰਦੀ ਦਿਵਸ** ਦੇ ਮੌਕੇ 'ਤੇ **ਡਾ. ਸਤੀਸ਼ ਕੁਮਾਰ ਵਰਮਾ** ਦਾ ਲੈਕਚਰ ਕਰਵਾਇਆ ਗਿਆ। ਇਸੇ ਵਿਭਾਗ ਵੱਲੋਂ ਜਨਵਰੀ 2017 ਨੂੰ **ਨਿਬੰਧ ਲੇਖਣ ਮੁਕਾਬਲਾ** ਕਰਵਾਇਆ ਗਿਆ ਅਤੇ ਮਾਰਚ 2017 ਨੂੰ **ਕੁਇਜ਼ ਪ੍ਰਤੀਯੋਗਤਾ** ਕਰਵਾਈ ਗਈ, ਮਿਤੀ 22 ਜਨਵਰੀ 2018 ਨੂੰ ਇਸ ਵਿਭਾਗ ਅਤੇ ਪੰਜਾਬੀ ਵਿਭਾਗ ਦੁਆਰਾ ਸਾਂਝੇ ਤੌਰ 'ਤੇ **ਤ੍ਰੈ ਭਾਸ਼ੀ ਕਵੀ ਦਰਬਾਰ** ਕਰਵਾਇਆ ਗਿਆ ਅਤੇ 26 ਮਾਰਚ 2018 ਨੂੰ **ਕੁਇਜ਼ ਪ੍ਰਤੀਯੋਗਤਾ** ਕਰਵਾਈ ਗਈ

## 32. ਥੀਏਟਰ ਸਟੱਡੀਜ਼ ਵਿਭਾਗ:

ਥੀਏਟਰ ਸਟੱਡੀਜ਼ ਵਿਭਾਗ ਦੇ ਮੁਖੀ **ਡਾ ਵੰਦਨਾ ਕਪੂਰ** ਦੀ ਦੇਖ-ਰੇਖ ਅਧੀਨ ਮਿਤੀ 16 ਜਨਵਰੀ 2018 ਨੂੰ ਵਿਦਿਆਰਥੀਆਂ ਵੱਲੋਂ **ਧੰਨ ਮਾਤਾ ਗੁਜਰੀ** ਨਾਟਕ ਦੀ ਪੇਸ਼ਕਾਰੀ ਕੀਤੀ ਗਈ। ਮਿਤੀ 2 ਫਰਵਰੀ 2018 ਨੂੰ **ਕਲਾਕਾਰ ਰਾਣਾ ਰਣਬੀਰ** ਦਾ **ਰੂ-ਬ-ਰੂ ਪ੍ਰੋਗਰਾਮ** ਕਰਵਾਇਆ ਗਿਆ। ਮਿਤੀ 26 ਫਰਵਰੀ 2018 ਨੂੰ ਡਾਇਰੈਕਟਰ ਸੱਤਪਾਲ ਬੰਗਾ ਦੇ ਨਿਰਦੇਸ਼ਨ ਅਧੀਨ ਕੀਤੇ ਗਏ **ਨੁੱਕੜ ਨਾਟਕ ਦਸਤਕ** ਦੀ ਪੇਸ਼ਕਾਰੀ ਕੀਤੀ ਗਈ।

## 33. ਫੋਕ ਆਰਟ ਐਂਡ ਕਲਚਰ ਵਿਭਾਗ:

ਵਿਭਾਗ ਦੇ ਮੁਖੀ **ਪ੍ਰੋ. ਸੰਦੀਪ ਚਹਿਲ** ਦੇ ਉਦਮ ਸਦਕਾ ਕਾਲਜ ਵਿਖੇ 21-22 ਫਰਵਰੀ 2018 ਨੂੰ ਆਯੋਜਿਤ ਖ਼ਾਲਸਾ ਕਾਲਜ ਗਲੋਬਲ ਪੰਜਾਬੀ ਕਾਨਫਰੰਸ ਦੌਰਾਨ ਸੱਭਿਆਚਾਰ ਨਾਲ ਸਬੰਧਤ ਪੁਰਾਤਨ ਵਸਤੂਆਂ ਦੀ **ਪ੍ਰਦਰਸ਼ਨੀ** ਲਗਾਈ ਗਈ। ਮਿਤੀ 23 ਫਰਵਰੀ 2018 ਨੂੰ ਵਿਭਾਗ ਦੇ ਵਿਦਿਆਰਥੀਆਂ ਦਾ **Patiala Heritage Festival** ਦਾ ਵਿੱਦਿਅਕ ਦੌਰਾ ਕਰਵਾਇਆ ਗਿਆ

## 34. ਪੋਸਟ ਗ੍ਰੈਜੂਏਟ ਡਿਪਾਰਟਮੈਂਟ ਆਫ਼ ਫ਼ੈਸ਼ਨ ਡਿਜ਼ਾਇਨਿੰਗ ਐਂਡ ਹੋਮ ਸਾਇੰਸ

ਵਿਭਾਗ ਦੇ ਮੁਖੀ **ਡਾ. ਬਲਬੀਰ ਕੌਰ** ਦੀ ਯੋਗ ਅਗਵਾਈ ਹੇਠ ਇਸ ਵਿਭਾਗ ਦੁਆਰਾ ਮਿਤੀ 18 ਅਗਸਤ 2017 ਨੂੰ **Skills in Sewing Techniques** ਵਿਸ਼ੇ 'ਤੇ **ਇੱਕ ਰੋਜ਼ਾ ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ। ਇਸੇ ਵਿਭਾਗ ਦੇ ਵਿਦਿਆਰਥੀਆਂ ਦਾ ਮਿਤੀ 4 ਸਤੰਬਰ 2017 ਨੂੰ **ਰੰਗੋਲੀ** ਮੁਕਾਬਲਾ ਕਰਵਾਇਆ ਗਿਆ। 23 ਜਨਵਰੀ 2018 ਨੂੰ ਵਿਦਿਆਰਥੀਆਂ ਦਾ **ਪੰਜਾਬ ਦੇ ਲੋਕ ਪਕਵਾਨਾਂ ਤੇ ਮੁਕਾਬਲਾ** ਕਰਵਾਇਆ ਗਿਆ ਅਤੇ ਮਿਤੀ 6 ਫਰਵਰੀ 2018 ਨੂੰ ਇਸ ਵਿਭਾਗ ਅਤੇ ਫਾਈਨ ਆਰਟਸ ਵਿਭਾਗ ਦੁਆਰਾ ਸਾਂਝੇ ਤੌਰ 'ਤੇ **ਪ੍ਰਦਰਸ਼ਨੀ ਕਲਾਵਾਂ** ਨਾਲ ਸਬੰਧਤ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ **ਗੁੱਡੀਆਂ-ਪਟੋਲੇ, ਖਿੱਦੋ, ਇੰਨੂੰ, ਕਢਾਈ, ਕਰੋਸ਼ੀਆ** ਅਤੇ **ਨਾਲਾ ਬੁਣਾਈ** ਆਦਿ ਵੱਖ ਵੱਖ ਵੰਨਗੀਆਂ ਦੇ **ਮੁਕਾਬਲੇ** ਕਰਵਾਏ ਗਏ

## 35. ਪੋਸਟ ਗ੍ਰੈਜੂਏਟ ਇਤਿਹਾਸ ਵਿਭਾਗ:

ਵਿਭਾਗ ਦੇ ਮੁਖੀ **ਡਾ. ਹਰਜੀਤ ਕੌਰ** ਦੇ ਯਤਨਾਂ ਸਦਕਾ ਮਿਤੀ 14 ਅਗਸਤ 2017 ਨੂੰ **ਜੰਗ-ਏ-ਆਜ਼ਾਦੀ ਵਿੱਚ ਸਿੱਖਾਂ ਦਾ ਯੋਗਦਾਨ** ਵਿਸ਼ੇ 'ਤੇ ਇੱਕ ਰੋਜ਼ਾ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਦੌਰਾਨ ਪ੍ਰੋਫੈਸਰ **ਕਿਰਪਾਲ ਸਿੰਘ ਬਡੂੰਗਰ** ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। **ਡਾ. ਸ਼ਤੀਸ਼ ਕੁਮਾਰ ਵਰਮਾ**, ਸਾਬਕਾ ਡਾਇਰੈਕਟਰ, ਯੁਵਕ ਭਲਾਈ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ **ਡਾ. ਗੁਰਨੈਬ ਸਿੰਘ**, ਮੁਖੀ, ਭਾਈ ਵੀਰ ਸਿੰਘ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਵੀ ਸੰਬੋਧਿਤ ਕੀਤਾ।

ਮਿਤੀ 16 ਨਵੰਬਰ 2017 ਨੂੰ **ਸਰਦਾਰ ਕਰਤਾਰ ਸਿੰਘ ਸਰਾਭਾ** ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇੱਕ ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ **ਡਾ. ਸਤੀਸ਼ ਕੁਮਾਰ ਵਰਮਾ,** ਸਾਬਕਾ ਡਾਇਰੈਕਟਰ ਯੂਥ ਭਲਾਈ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਸ਼ਿਰਕਤ ਕੀਤੀ।

## 36. ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ:

ਵਿਭਾਗ ਦੇ ਮੁਖੀ **ਡਾ. ਜਗਤਾਰ ਸਿੰਘ** ਦੀ ਯੋਗ ਅਗਵਾਈ ਅਧੀਨ ਮਿਤੀ 27 ਜੁਲਾਈ, 2017 ਨੂੰ ਕਾਲਜ ਵਿਖੇ **ਵੋਟਰ ਅਵੇਅਰਨੈੱਸ ਕੈਂਪ** ਲਗਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੂੰ ਵੋਟ ਬਣਾਉਣ ਅਤੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਜਾਗਰੂਕ ਕੀਤਾ ਗਿਆ।

ਨਵੰਬਰ, 2017 ਨੂੰ **ਅਠਾਰਾਂ ਸਾਲ ਦੀ ਉਮਰ ਪੂਰੀ ਕਰ ਚੁੱਕੇ ਵਿਦਿਆਰਥੀਆਂ** ਨੂੰ ਵੋਟ ਬਣਾਉਣ ਦਾ ਉਪਰਾਲਾ ਕਰਵਾਉਂਦੇ ਹੋਏ **ਵੋਟਰ ਰਜਿਸਟਰੇਸ਼ਨ ਫਾਰਮ** ਭਰਵਾਏ ਗਏ ਅਤੇ ਮਿਤੀ 21 ਫਰਵਰੀ, 2018 ਤੋਂ 4 ਮਾਰਚ, 2018 ਤੱਕ ਸ਼ੀਸ਼ ਮਹਿਲ, ਪਟਿਆਲਾ ਵਿਖੇ ਜ਼ਿਲ੍ਹਾ ਪ੍ਰਸ਼ਾਸਨ, ਪਟਿਆਲਾ ਵੱਲੋਂ ਲਗਾਏ ਗਏ **ਸਰਸ ਮੇਲੇ** ਵਿੱਚ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ **ਵੋਟਿੰਗ ਮਸ਼ੀਨ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ** ਲਈ ਵਿਸ਼ੇਸ਼ ਸਟਾਲ ਲਗਾਈ ਗਈ। ਮਿਤੀ 22 ਮਾਰਚ, 2018 ਨੂੰ ਵਿਭਾਗ ਦੇ ਵਿਦਿਆਰਥੀਆਂ ਦੀ ਵਿਧਾਨ ਸਭਾ ਵਿਖੇ **ਬਜਟ ਸੈਸ਼ਨ** ਵਿਚ ਸ਼ਮੂਲੀਅਤ ਕਰਵਾਈ ਗਈ।

**37. ਧਰਮ ਅਧਿਐਨ ਵਿਭਾਗ:**

**ਡਾ. ਗੁਰਵੀਰ ਸਿੰਘ** ਦੀ ਅਗਵਾਈ ਅਧੀਨ ਇਸ ਵਿਭਾਗ ਦੁਆਰਾ ਮਿਤੀ 15 ਮਾਰਚ, 2018 ਨੂੰ **ਸ੍ਰੀ ਗੁਰੂ ਹਰਿਰਾਇ ਜੀ ਦੇ ਗੁਰਤਾ ਗੱਦੀ ਦਿਵਸ** ਨੂੰ ਸਮਰਪਿਤ **ਵਾਤਾਵਰਨ ਦਿਵਸ** ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ **ਡਾ.ਦੇਵਿੰਦਰ ਸਿੰਘ** ਅਤੇ **ਡਾ. ਗੁਰਵੀਰ ਸਿੰਘ** ਨੇ ਵਿਸ਼ੇਸ਼ ਭਾਸ਼ਣ ਦਿੱਤਾ।

ਮਿਤੀ 16-18 ਮਾਰਚ, 2018 ਤੱਕ ਇਸ ਵਿਭਾਗ ਦੇ ਵਿਦਿਆਰਥੀਆਂ ਨੇ ਗੁਰਮਤਿ ਕਾਲਜ, ਪਟਿਆਲਾ ਵਿਖੇ ਆਯੋਜਿਤ **ਤਿੰਨ ਰੋਜ਼ਾ ਗੁਰਮਤਿ ਕੈਂਪ** ਵਿੱਚ ਸ਼ਿਰਕਤ ਕੀਤੀ।

**38. ਪੋਸਟ ਗਰੈਜੂਏਟ ਗਣਿਤ ਵਿਭਾਗ:**

ਵਿਭਾਗ ਦੇ ਮੁਖੀ **ਪ੍ਰੋਫੈਸਰ ਸੁਨੀਲ ਮਹਿਤਾ** ਦੀ ਅਗਵਾਈ ਅਧੀਨ ਮਾਰਚ, 2017 ਵਿੱਚ ਵਿਭਾਗ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ **ਡਲਹੌਜ਼ੀ** ਲਿਜਾਇਆ ਗਿਆ।

## ਵੋਕੇਸ਼ਨਲ ਕੋਰਸ

**39. ਬੀ.ਵਾਕ. ਫੂਡ ਪ੍ਰੋਸੈਸਿੰਗ ਅਤੇ ਇੰਜੀਨੀਅਰਿੰਗ ਵਿਭਾਗ:**

ਵਿਭਾਗ ਦੇ ਮੁਖੀ **ਡਾ. ਅਜੀਤ ਸਿੰਘ** ਦੀ ਯੋਗ ਅਗਵਾਈ ਅਧੀਨ ਭਾਗ ਪਹਿਲਾ ਦੀ ਵਿਦਿਆਰਥਣ **ਅਮਨਪ੍ਰੀਤ ਕੌਰ** ਅਤੇ **ਵੁਸ਼ੂ** ਦੀ ਚੋਣ **ਰਾਜ ਪੱਧਰੀ ਖੇਡਾਂ** ਲਈ ਹੋਈ। ਭਾਗ ਪਹਿਲਾ ਦੇ ਵਿਦਿਆਰਥੀ **ਪੁਨੀਤ ਸਿੰਘ, ਅਵਤਾਰ ਸਿੰਘ** ਅਤੇ **ਬਲਜਿੰਦਰ ਸਿੰਘ** ਨੇ **ਰਾਜ ਪੱਧਰੀ ਗਣਤੰਤਰ ਦਿਵਸ** ਦੇ ਸਮਾਗਮ ਮੌਕੇ **ਭੰਗੜੇ ਦਾ ਪ੍ਰਦਰਸ਼ਨ** ਕੀਤਾ। ਬੀ.ਵਾਕ. ਭਾਗ ਤੀਜਾ ਦੇ ਵਿਦਿਆਰਥੀ **ਕੁਸ਼ਾਮਰਾ ਗੁਪਤਾ** ਨੇ ਮਿਤੀ 7 ਸਤੰਬਰ, 2017 ਨੂੰ ਐਨ.ਐਸ.ਐਸ. ਵੱਲੋਂ ਕਰਵਾਏ ਗਏ **ਲੇਖ ਲਿਖਣ ਮੁਕਾਬਲੇ** ਵਿੱਚ **ਪਹਿਲਾ ਸਥਾਨ** ਹਾਸਲ ਕੀਤਾ।

ਬੀ.ਵਾਕ. ਭਾਗ ਪਹਿਲਾ ਦੇ ਵਿਦਿਆਰਥੀ **ਮਿਹਰਬਾਨ ਸਿੰਘ** ਅਤੇ **ਗੁਰਦੀਪ ਸਿੰਘ** ਨੇ ਫਿਜ਼ਿਕਸ ਵਿਭਾਗ ਵੱਲੋਂ 28 ਫਰਵਰੀ, 2018 ਨੂੰ ਕਰਵਾਏ ਗਏ **ਪੋਸਟਰ ਬਣਾਉਣ ਦੀ ਪ੍ਰਤੀਯੋਗਤਾ** ਵਿੱਚ **ਦੂਜਾ ਸਥਾਨ** ਪ੍ਰਾਪਤ ਕੀਤਾ। ਵਿਭਾਗ ਦੇ ਵਿਦਿਆਰਥੀਆਂ ਵੱਲੋਂ ਮਿਤੀ 27 ਫਰਵਰੀ, 2018 ਨੂੰ **ਭੋਜਨ ਦੇ ਢੁੱਕਵੇਂ ਸਫਾਈ ਪ੍ਰਬੰਧ** ਗੁੱਡ ਹਾਈਜੀਨ ਪ੍ਰੈਕਟਿਸਿਜ਼ ਇਨ ਫੂਡ ਸਬੰਧੀ **ਜਾਗਰੂਕਤਾ ਰੈਲੀ** ਕੱਢੀ ਗਈ।

**40. ਬੀ.ਵਾਕ.ਆਟੋਮੋਬਾਇਲ ਅਤੇ ਐਡਵਾਂਸ ਡਿਪਲੋਮਾ ਇਨ ਆਟੋ ਇਲੈਕਟ੍ਰੀਕਲ ਅਤੇ ਇਲੈਕਟ੍ਰਾਨਿਕਸ:**

ਵਿਭਾਗ ਦੇ ਮੁਖੀ **ਡਾ. ਅਜੀਤ ਸਿੰਘ** ਦੀ ਯੋਗ ਅਗਵਾਈ ਅਧੀਨ ਵਿਭਾਗ ਦੇ ਵਿਦਿਆਰਥੀ ਮਿਤੀ 1 ਜੂਨ, 2017 ਨੂੰ **ਹੀਰਾ ਆਟੋ ਮੋਬਾਈਲ ਪਟਿਆਲਾ** ਵਿਖੇ **ਛੇ ਹਫਤਿਆਂ ਦੀ ਟ੍ਰੇਨਿੰਗ** ਲਈ ਗਏ।

ਵਿਭਾਗ ਵੱਲੋਂ ਮਿਤੀ 25-26 ਸਤੰਬਰ, 2017 ਨੂੰ **ਇੰਡਸਟਰੀ ਪਾਰਟਨਰ ਹੀਰਾ ਆਟੋ ਮੋਬਾਈਲ ਪਟਿਆਲਾ** ਦੇ ਸਹਿਯੋਗ ਨਾਲ **ਕਾਰ ਹੈਲਥ ਸਰਵਿਸ ਕੈਂਪ** ਲਗਾਇਆ ਗਿਆ। ਮਿਤੀ 1 ਜਨਵਰੀ, 2018 ਨੂੰ ਵਿਭਾਗ ਦੇ ਵਿਦਿਆਰਥੀਆਂ ਨੂੰ **ਪੀ.ਕੇ. ਮੋਟਰਜ਼ ਪਟਿਆਲਾ** ਵਿਖੇ **ਇੱਕ ਹਫ਼ਤੇ ਦੀ ਟ੍ਰੇਨਿੰਗ** ਲਈ ਭੇਜਿਆ ਗਿਆ।

ਮਿਤੀ 9 ਫਰਵਰੀ, 2018 ਨੂੰ ਵਿਭਾਗ ਦੇ ਵਿਦਿਆਰਥੀਆਂ ਨੇ **ਏ.ਐੱਸ.ਡੀ.ਸੀ.**(ਆਟੋਮੋਟਿਵ ਸਕਿੱਲ ਡਿਵੈਲਪਮੈਂਟ ਕੌਂਸਲ) ਵੱਲੋਂ ਆਯੋਜਿਤ **ਵਰਕਸ਼ਾਪ** ਵਿੱਚ ਭਾਗ ਲਿਆ।

ਮਿਤੀ 9 ਫਰਵਰੀ, 2018 ਨੂੰ ਵਿਭਾਗ ਦੇ ਵਿਦਿਆਰਥੀਆਂ ਦਾ **ਆਟੋ ਐਕਸਪੋ-2018, ਨੋਇਡਾ** ਵਿਖੇ ਵਿੱਦਿਅਕ ਟੂਰ ਲਿਜਾਇਆ ਗਿਆ ਜਿੱਥੇ ਵਿਦਿਆਰਥੀਆਂ ਨੂੰ ਵਿਸ਼ਵ ਭਰ ਵਿੱਚ ਕਾਰਾਂ ਨਾਲ ਸਬੰਧਤ ਵੱਖ ਵੱਖ ਤਕਨੀਕਾਂ ਨਾਲ ਸੰਬੰਧਿਤ ਜਾਣਕਾਰੀ ਪ੍ਰਦਾਨ ਕੀਤੀ ਗਈ।

**41. ਗ੍ਰੀਨ ਹਾਊਸ ਟੈਕਨਾਲੋਜੀ:**

ਵਿਭਾਗ ਦੇ ਮੁਖੀ **ਡਾ. ਅਜੀਤ ਸਿੰਘ** ਦੀ ਸਚੱਜੀ ਦੇਖ ਰੇਖ ਹੇਠ ਮਿਤੀ 31 ਮਈ, 2017 ਨੂੰ **ਇੰਟਰਨੈਸ਼ਨਲ ਡੇ ਫ਼ਾਰ ਬਾਇਓਲੌਜੀਕਲ ਡਾਇਵਰਸਿਟੀ 2017** ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ।

ਮਿਤੀ 1 ਮਾਰਚ, 2017 ਨੂੰ ਵਿਦਿਆਰਥੀਆਂ ਦਾ **ਸੀ.ਈ.ਵੀ.,ਘਰੌਂਦਾ,ਕਰਨਾਲ** ਦਾ ਵਿੱਦਿਅਕ ਦੌਰਾ ਕਰਵਾਇਆ ਗਿਆ।

ਵਿਭਾਗ ਦੇ ਵਿਦਿਆਰਥੀਆਂ ਨੇ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਲੱਗੇ **ਫਲਾਵਰ ਸ਼ੋਅ** ਦੀ ਵਿਜ਼ਿਟ ਕੀਤੀ। ਮਿਤੀ 26 ਮਾਰਚ, 2017 ਨੂੰ ਵਿਭਾਗ ਵੱਲੋਂ ਵਿਦਿਆਰਥੀਆਂ ਲਈ **ਕੰਬੈਟਿੰਗ ਡਿਜ਼ਰਟੀਫੀਕੇਸ਼ਨ ਲੈਂਡ ਡੈਗ੍ਰੀਡੇਸ਼ਨ ਐਂਡ ਡਰੌਟ** ਵਿਸ਼ੇ 'ਤੇ **ਵਰਕਸ਼ਾਪ** ਦਾ ਆਯੋਜਨ ਕੀਤਾ ਗਿਆ।

ਵਿਭਾਗ ਦੇ ਵਿਦਿਆਰਥੀਆਂ ਦੀ **ਪੰਜਾਬ ਮੰਡੀ ਬੋਰਡ ਪਟਿਆਲਾ** ਦੀ ਵਿਜ਼ਿਟ ਕਰਵਾਈ ਗਈ ਅਤੇ **ਬਾਇਓ ਕਰਵ ਸੀਡਜ਼** ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਧਬਲਾਨ ਵਿਖੇ ਲਿਜਾਇਆ ਗਏ।

ਇਸ ਤੋਂ ਇਲਾਵਾ ਵਿਭਾਗ ਦੇ ਵਿਦਿਆਰਥੀਆਂ ਨੇ ਸਮੇਂ ਸਮੇਂ ਤੇ **ਕ੍ਰਿਸ਼ੀ ਵਿਗਿਆਨ ਕੇਂਦਰ ਫਤਹਿਗੜ੍ਹ ਸਾਹਿਬ**, ਮਿਤੀ 1 ਮਾਰਚ, 2017 ਨੂੰ **ਸ਼ੇਰਗਿੱਲ ਫਾਰਮ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਰਿਜਨਲ ਫਰੂਟ ਰਿਸਰਚ ਸਟੇਸ਼ਨ ਬਹਾਦਰਗੜ੍ਹ ਪਟਿਆਲਾ**, ਮਿਤੀ 20 ਦਸੰਬਰ, 2017 ਨੂੰ **ਬਾਰਾਂਦਰੀ ਗਾਰਡਨ, ਪਟਿਆਲਾ** ਅਤੇ 26 ਫਰਵਰੀ, 2018 ਨੂੰ **ਬਾਰਾਂਦਰੀ ਗਾਡਰਨ ਪਟਿਆਲਾ** ਵਿਖੇ ਲੱਗੇ **ਫਲਾਵਰ ਸ਼ੋਅ ਤੇ ਫੂਡ ਫੈਸਟੀਵਲ** ਦਾ ਦੌਰਾ ਕੀਤਾ।

# ਸੈੱਲ, ਕਲੱਬ, ਸੈਂਟਰ ਅਤੇ ਐਸੋਸੀਏਸ਼ਨਾਂ ਦੀਆਂ ਗਤੀਵਿਧੀਆਂ

## 42. ਗੁਰਮਤਿ ਸੁਸਾਇਟੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ:

ਗੁਰਮਤਿ ਸੁਸਾਇਟੀ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕਨਵੀਨਰ **ਪ੍ਰੋਫੈਸਰ ਸੁਖਮੋਹਨ ਕੌਰ** ਦੀ ਯੋਗ ਅਗਵਾਈ ਹੇਠ ਇਸ ਸੁਸਾਇਟੀ ਅਤੇ ਸਰਕਲ ਵੱਲੋਂ ਸੈਸ਼ਨ ਦੇ ਆਰੰਭ ਵਿੱਚ ਕਾਲਜ ਦਾ **ਸਥਾਪਨਾ ਦਿਵਸ** ਮਨਾਇਆ ਗਿਆ ਅਤੇ ਮਿਤੀ 2 ਨਵੰਬਰ, 2017 ਨੂੰ ਕਾਲਜ ਦੇ ਗੁਰਦੁਆਰਾ ਸਾਹਿਬ ਵਿਖੇ **ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ** ਮਨਾਇਆ ਗਿਆ ਇਸ ਮੌਕੇ ਵਿਦਿਆਰਥੀਆਂ ਨੇ **ਜਪੁਜੀ ਸਾਹਿਬ** ਦਾ ਪਾਠ ਕੀਤਾ ਅਤੇ **ਇਲਾਹੀ ਬਾਣੀ ਦੇ ਕੀਰਤਨ** ਕੀਤੇ ਗਏ।

ਮਿਤੀ 22 ਨਵੰਬਰ, 2017 ਨੂੰ ਵੱਡੇ **ਦੋ ਸਾਹਿਬਜ਼ਾਦਿਆਂ** ਦੇ ਸ਼ਹੀਦੀ ਦਿਹਾੜੇ 'ਤੇ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ ਦੁਆਰਾ **ਸੰਗਤੀ ਰੂਪ ਵਿਚ ਜਪੁਜੀ ਸਾਹਿਬ** ਦਾ ਪਾਠ ਕੀਤਾ ਗਿਆ।

ਮਿਤੀ 21 ਦਸੰਬਰ, 2017 ਨੂੰ ਛੋਟੇ ਦੋ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ **ਸਫ਼ਰ-ਏ-ਸ਼ਹਾਦਤ** ਵਿਸ਼ੇ ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ **ਭਾਈ ਗੋਬਿੰਦ ਸਿੰਘ ਲੌਂਗੋਵਾਲ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ** ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ।

ਮਿਤੀ 29 ਜਨਵਰੀ, 2018 ਨੂੰ **ਸ੍ਰੀ ਗੁਰੂ ਹਰਿਰਾਇ ਜੀ** ਦੇ **ਪ੍ਰਕਾਸ਼ ਪੁਰਬ** ਦੇ ਮੌਕੇ 'ਤੇ ਡਾ. ਤੇਜਿੰਦਰਪਾਲ ਸਿੰਘ, ਯੂਨੀਵਰਸਿਟੀ ਕਾਲਜ, ਮੀਰਾਂਪੁਰ ਦਾ ਵਿਦਿਆਰਥੀਆਂ ਲਈ ਵਿਸ਼ੇਸ਼ ਲੈਕਚਰ ਕਰਵਾਇਆ ਗਿਆ ਅਤੇ ਮਿਤੀ 30 ਜਨਵਰੀ, 2018 ਨੂੰ **ਭਗਤ ਰਵਿਦਾਸ ਜੀ** ਦੇ ਜਨਮ ਦਿਹਾੜੇ 'ਤੇ **ਡਾ. ਤਰਲੋਚਨ ਸਿੰਘ ਮਹਾਜਨ** ਦਾ ਵਿਸ਼ੇਸ਼ ਲੈਕਚਰ ਕਰਵਾਇਆ ਗਿਆ।

## 43. ਯੂਥ ਕਲੱਬ ਅਤੇ ਰੈੱਡ ਕਰਾਸ ਸੁਸਾਇਟੀ:

**ਡਾ. ਸਰਬਜੀਤ ਸਿੰਘ ਆਹਲੂਵਾਲੀਆ** ਦੇ ਯਤਨਾਂ ਸਦਕਾ ਕਾਲਜ ਵਿੱਚ ਚੱਲ ਰਹੇ ਯੂਥ ਕਲੱਬ ਅਤੇ ਰੈੱਡ ਕਰਾਸ ਸੁਸਾਇਟੀ ਵੱਲੋਂ ਮਿਤੀ 31 ਅਕਤੂਬਰ, 2017 ਨੂੰ **ਵਿਜੀਲੈਂਸ ਅਵੇਅਰਨੈੱਸ ਵੀਕ** ਨੂੰ ਸਮਰਪਿਤ **ਇੱਕ ਰੋਜ਼ਾ ਸੈਮੀਨਾਰ** ਕਰਵਾਇਆ ਗਿਆ। ਇਸ ਮੌਕੇ **ਐੱਮ.ਪੀ. ਵਿਜੀਲੈਂਸ** ਅਤੇ **ਐੱਸ.ਪੀ.ਟਰੈਫਿਕ** ਪੁਲਿਸ ਨੇ ਸ਼ਮੂਲੀਅਤ ਕੀਤੀ।

ਮਿਤੀ 16 ਫਰਵਰੀ, 2018 ਨੂੰ ਇਸ ਕਲੱਬ ਅਤੇ ਸੁਸਾਇਟੀ ਵੱਲੋਂ **ਕੀ ਕਰਜ਼ਾ ਹੀ ਕਿਸਾਨਾਂ ਦੀ ਖ਼ੁਦਕੁਸ਼ੀ ਦਾ ਕਾਰਨ ਹੈ?** ਵਿਸ਼ੇ 'ਤੇ **ਇੱਕ ਰੋਜ਼ਾ ਸੰਵਾਦ** ਰਚਾਇਆ ਗਿਆ।

## 44. ਗਰੀਵੈਂਸ ਸੈੱਲ

**ਡਾ. ਜਗਜੀਤ ਸਿੰਘ** ਦੇ ਦੇਖ-ਰੇਖ ਹੇਠ ਚੱਲ ਰਹੇ ਗਰੀਵੈਂਸ ਸੈੱਲ ਦੁਆਰਾ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਅਤੇ ਸੁਝਾਵਾਂ ਨੂੰ ਸੁਣਿਆ ਗਿਆ ਅਤੇ ਪ੍ਰਿੰਸੀਪਲ ਸਾਹਿਬ ਨੂੰ ਇਨ੍ਹਾਂ ਤੋਂ ਜਾਣੂ ਕਰਵਾਇਆ ਗਿਆ। ਪ੍ਰਿੰਸੀਪਲ ਸਾਹਿਬ ਨੇ ਇਨ੍ਹਾਂ ਪਹੁੰਚੀਆਂ ਹੋਈਆਂ ਸ਼ਕਾਇਤਾਂ ਅਤੇ ਸੁਝਾਵਾਂ ਦੇ ਹੱਲ ਸਬੰਧੀ ਲੋੜੀਂਦੀ ਕਾਰਵਾਈ ਕੀਤੀ।

## 45. ਪੀ.ਟੀ.ਏ. ਸੈੱਲ

ਪੀ.ਟੀ.ਏ. ਸੈੱਲ ਦੇ ਕਨਵੀਨਰ **ਡਾ. ਅੰਜੂ ਖੁੱਲਰ** ਦੀ ਦੇਖ-ਰੇਖ ਹੇਠ ਮਿਤੀ 10 ਨਵੰਬਰ, 2017 ਨੂੰ **ਪੇਰੈਂਟਸ-ਟੀਚਰਜ਼ ਐਸੋਸੀਏਸ਼ਨ ਦੀ ਮੀਟਿੰਗ ਕਾਰਵਾਈ** ਗਈ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਦੇ ਮਿਡ ਸਮੈਸਟਰ ਇਮਤਿਹਾਨਾਂ ਦੇ ਅੰਕਾਂ, ਲੈਕਚਰਾਂ, ਕਲਾਸਾਂ ਵਿਚ ਕਾਰਗੁਜ਼ਾਰੀ, ਕਾਲਜ ਵੱਲੋਂ ਲਗਾਈਆਂ ਜਾਣ ਵਾਲੀਆਂ ਕੋਚਿੰਗ ਅਤੇ ਰਮੀਡੀਅਲ ਕਲਾਸਾਂ ਸਬੰਧੀ ਜਾਣਕਾਰੀ ਦਿੱਤੀ ਗਈ।

## 46. ਪਬਲੀਕੇਸ਼ਨ ਸੈੱਲ:

**ਡਾ. ਪੁਸ਼ਪਿੰਦਰ ਕੌਰ**, ਡੀਨ ਪ੍ਰੈਸ ਐਂਡ ਪਬਲੀਕੇਸ਼ਨ ਦੀ ਦੇਖ ਰੇਖ ਹੇਠ ਇਸ ਸੈਸ਼ਨ ਦੌਰਾਨ ਕਾਲਜ ਦੇ ਪਬਲੀਕੇਸ਼ਨ ਸੈੱਲ ਵੱਲੋਂ ਤਿੰਨ ਪਾਠ ਪੁਸਤਕਾਂ **Diverse Voices, All Time Stories** ਅਤੇ **ਮੁੱਢਲਾ ਗਿਆਨ** ਪ੍ਰਕਾਸ਼ਿਤ ਕੀਤੀਆਂ ਗਈਆਂ। ਇਸ ਨਾਲ ਕਾਲਜ ਦੇ **ਪਬਲੀਕੇਸ਼ਨ ਸੈੱਲ ਵੱਲੋਂ ਪ੍ਰਕਾਸ਼ਿਤ ਪੁਸਤਕਾਂ** ਦੀ ਹੁਣ ਤੱਕ ਗਿਣਤੀ **18** ਹੋ ਗਈ ਹੈ।

## 47. ਲੀਗਲ ਲਿਟਰੇਸੀ ਸੈੱਲ:

ਲੀਗਲ ਲਿਟਰੇਸੀ ਸੈੱਲ ਦੇ ਕਨਵੀਨਰ **ਪ੍ਰੋ. ਜਤਿੰਦਰ ਸਿੰਘ ਭੁਟਾਲ** ਦੀ ਯੋਗ ਅਗਵਾਈ ਮਿਤੀ 6 ਸਤੰਬਰ, 2017 ਨੂੰ ਇਸ ਸੈੱਲ ਵੱਲੋਂ **Legal Awareness** ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿਚ **Sh. Ashish Kumar Bansal, C.J.M. cum Secretary, Distt. Legal Services Authority, Patiala** ਨੇ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ।

## 48. ਲੜਕੀਆਂ ਭਲਾਈ ਕਮੇਟੀ ਅਤੇ ਨੰਨ੍ਹੀ ਛਾਂ ਸੈੱਲ:

ਲੜਕੀਆਂ ਭਲਾਈ ਕਮੇਟੀ ਦੇ ਡੀਨ **ਪ੍ਰੋਫੈਸਰ ਸੁਖਮੀਨ ਕੌਰ** ਅਤੇ ਨੰਨ੍ਹੀ ਛਾਂ ਸੈੱਲ ਦੇ ਕਨਵੀਨਰ **ਡਾ. ਬਲਬੀਰ ਕੌਰ** ਦੀ ਯੋਗ ਅਗਵਾਈ ਅਧੀਨ ਇਸ ਕਮੇਟੀ ਅਤੇ ਸੈੱਲ ਵੱਲੋਂ ਮਿਤੀ 15 ਫਰਵਰੀ, 2018 ਨੂੰ **ਡਾ. ਰੂਬੀ ਭਾਟੀਆ**, ਐਸੋਸੀਏਟ ਪ੍ਰੋਫੈਸਰ, ਉਬਸਟਰੈਟਿਕਸ ਅਤੇ ਗਾਇਨਾਕਾਲੋਜੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਦਾ Adolescent Health - "The need of Millennium" ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਇਸ ਮੌਕੇ 450 ਦੇ ਕਰੀਬ ਵਿਦਿਆਰਥਣਾਂ ਨੇ ਭਾਗ ਲਿਆ।

ਇਸੇ ਹੀ ਕਮੇਟੀ ਅਤੇ ਸੈੱਲ ਦੇ ਅਧੀਨ ਮਿਤੀ 8 ਮਾਰਚ, 2018 ਨੂੰ **150 ਵਿਦਿਆਰਥਣਾਂ**, **12 ਦੇ ਕਰੀਬ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼** ਨੇ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਆਯੋਜਿਤ **ਗੁਰਮਤਿ ਸਮਾਗਮ** ਵਿੱਚ ਸ਼ਮੂਲੀਅਤ ਕੀਤੀ।

ਮਿਤੀ 8 ਮਾਰਚ, 2018 ਨੂੰ **ਅੰਤਰਰਾਸ਼ਟਰੀ ਨਾਰੀ ਦਿਵਸ** 'ਤੇ ਆਯੋਜਿਤ ਸਮਾਗਮ ਦੌਰਾਨ ਕਾਲਜ ਦੇ ਇਤਿਹਾਸ ਵਿਭਾਗ ਦੇ ਸਾਬਕਾ ਮੁੱਖੀ **ਪ੍ਰੋਫੈਸਰ ਮਲਜਿੰਦਰ ਕੌਰ** ਨੂੰ ਆਪਣੇ ਸੇਵਾ ਕਾਲ ਦੌਰਾਨ **ਸੱਭਿਆਚਾਰਕ ਸਰਗਰਮੀਆਂ** ਦੇ ਖੇਤਰ ਵਿੱਚ ਪਾਏ ਵਿਲੱਖਣ ਯੋਗਦਾਨ ਸਦਕਾ **ਖਾਲਸਾ ਕਾਲਜ ਨਾਰੀ ਗੌਰਵ ਅਵਾਰਡ 2018** ਨਾਲ ਸਨਮਾਨਿਤ ਕੀਤਾ ਗਿਆ।

## 49. ਕੈਮ ਕਲੱਬ:

ਪੋਸਟ ਗ੍ਰੈਜੂਏਟ ਕੈਮਿਸਟਰੀ ਵਿਭਾਗ ਅਧੀਨ ਬਣਾਏ ਗਏ **ਕੈਮ ਕਲੱਬ** ਵੱਲੋਂ ਇਸ ਸੈਸ਼ਨ ਦੌਰਾਨ ਦੀਵਾਲੀ ਦੇ ਸ਼ੁੱਭ ਅਵਸਰ ਤੇ ਵਿਦਿਆਰਥੀਆਂ ਨੂੰ ਪਟਾਕਿਆਂ ਦੁਆਰਾ ਫੈਲਣ ਵਾਲੇ ਪ੍ਰਦੂਸ਼ਣ ਬਾਰੇ ਸੁਚੇਤ ਕਰਦੇ ਹੋਏ ਅਤੇ **ਗਰੀਨ ਦੀਵਾਲੀ** ਮਨਾਉਣ ਲਈ ਪ੍ਰੇਰਿਤ ਕੀਤਾ।

ਇਸੇ ਹੀ ਕਲੱਬ ਵੱਲੋਂ **ਤੀਜ ਦੇ ਤਿਉਹਾਰ** 'ਤੇ **ਮਹਿੰਦੀ ਮੁਕਾਬਲਾ** ਕਰਵਾਇਆ ਗਿਆ ਜਿਸ ਦੇ ਨਤੀਜਿਆਂ ਵਿੱਚ ਐਮ.ਐਸਸੀ. ਭਾਗ ਦੂਜਾ ਦੀ ਵਿਦਿਆਰਥਣ **ਪ੍ਰਿਯੰਕਾ** ਨੇ ਪਹਿਲਾ ਅਤੇ ਐਮ.ਐਸਸੀ. ਭਾਗ ਦੂਜਾ ਦੀ ਵਿਦਿਆਰਥਣ **ਸੁਚੇਤਾ** ਨੇ ਦੂਜਾ ਇਨਾਮ ਹਾਸਲ ਕੀਤਾ।

## 50. ਡਾ ਗੰਡਾ ਸਿੰਘ ਕਰੀਅਰ ਗਾਇਡੈਂਸ ਕਾਊਂਸਲਿੰਗ ਐਂਡ ਪਲੇਸਮੈਂਟ ਸੈਂਟਰ:

ਡਾ.ਜਸਲੀਨ ਕੌਰ ਦੀ ਸੁਯੋਗ ਅਗਵਾਈ ਹੇਠ ਚੱਲ ਰਹੇ ਡਾਕਟਰ ਗੰਡਾ ਸਿੰਘ ਕਰੀਅਰ ਗਾਈਡੈਂਸ ਕਾਊਂਸਲਿੰਗ ਐਂਡ ਪਲੇਸਮੈਂਟ ਸੈਂਟਰ ਵੱਲੋਂ ਸੈਸ਼ਨ ਦੇ ਆਰੰਭ ਵਿੱਚ **ਦੋ ਓਰੀਐਂਟੇਸ਼ਨ ਪ੍ਰੋਗਰਾਮਾਂ** ਦਾ ਆਯੋਜਨ ਕੀਤਾ ਗਿਆ। ਪਹਿਲਾ ਮਿਤੀ 29 ਜੁਲਾਈ, 2017 ਨੂੰ ਨਵੇਂ ਨਿਯੁਕਤ ਕੀਤੇ ਗਏ ਅਧਿਆਪਕਾਂ ਲਈ

**ਓਰੀਐਂਟੇਸ਼ਨ ਪ੍ਰੋਗਰਾਮ** ਅਤੇ ਦੂਸਰਾ ਮਿਤੀ 4 ਅਗਸਤ, 2017 ਨੂੰ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਦੇ ਵਿਦਿਆਰਥੀਆਂ ਲਈ **ਓਰੀਐਂਟੇਸ਼ਨ ਪ੍ਰੋਗਰਾਮ** ਲਗਾਏ ਗਏ।

ਸੈਂਟਰ ਵੱਲੋਂ **ਛੇ ਸੈਮੀਨਾਰ** ਕਰਵਾਏ ਗਏ ਪਹਿਲਾ ਐੱਮ.ਬੀ.ਏ., ਬੀ.ਬੀ.ਏ. ਅਤੇ ਐੱਮ.ਐੱਲ.ਡੀ. ਦੇ ਵਿਦਿਆਰਥੀਆਂ ਲਈ **HCL** ਦੁਆਰਾ **Summer Training** 'ਤੇ ਸੈਮੀਨਾਰ, ਦੂਸਰਾ ਮਿਤੀ 6 ਸਤੰਬਰ, 2017 ਨੂੰ **ਸ੍ਰੀ ਰਾਕੇਸ਼ ਜੀ** ਦਾ **Alamabay** ਦੁਆਰਾ **Alamabay Online Appilcation Alamabay Beta** ਵਿਸ਼ੇ ਤੇ ਸੈਮੀਨਾਰ, ਤੀਸਰਾ ਪੋਸਟ ਗਰੈਜੂਏਟ ਦੇ ਵਿਦਿਆਰਥੀਆਂ ਲਈ **Bombay Stock Exchange** ਦੇ ਸਹਿਯੋਗ ਨਾਲ **Capital Market** ਵਿਸ਼ੇ ਤੇ ਸੈਮੀਨਾਰ, ਚੌਥਾ ਮਿਤੀ 4 ਅਕਤੂਬਰ, 2017 ਨੂੰ **TCS ION** ਦੇ ਸਹਿਯੋਗ ਨਾਲ ਐਮ.ਐਲ.ਡੀ. ਦੀ ਭਾਗ ਪਹਿਲਾ ਐੱਮ.ਬੀ.ਏ.ਭਾਗ ਪਹਿਲਾ, ਬੀ.ਬੀ.ਏ.ਭਾਗ ਦੂਜਾ ਅਤੇ ਭਾਗ ਤੀਜਾ ਦੇ ਵਿਦਿਆਰਥੀਆਂ ਲਈ **ਸਮਰ ਟਰੇਨਿੰਗ** ਵਿਸ਼ੇ ਤੇ ਸੈਮੀਨਾਰ ਅਤੇ ਪੰਜਵਾਂ ਇੰਨਾ ਹੀ ਕਲਾਸਾਂ ਦੇ ਵਿਦਿਆਰਥੀਆਂ ਲਈ **Pro Ace** ਦੇ ਸਹਿਯੋਗ ਨਾਲ **Summer Training** ਵਿਸ਼ੇ ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਛੇਵਾਂ ਮਿਤੀ 6 ਫਰਵਰੀ, 2018 ਨੂੰ ਪੋਸਟ ਗ੍ਰੈਜੂਏਟ, ਅੰਡਰ ਗ੍ਰੈਜੂਏਟ ਅਤੇ ਫਾਈਨਲ ਈਅਰ ਦੇ ਵਿਦਿਆਰਥੀਆਂ ਲਈ **Forever** ਕੰਪਨੀ ਵੱਲੋਂ **ਸ੍ਰੀ ਵਿਕਰਮ ਸਿੰਘ** ਦਾ **Networking Marketing** ਵਿਸ਼ੇ ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

ਇਸ ਸੈਂਟਰ ਵੱਲੋਂ ਮਿਤੀ 2 ਨਵੰਬਰ, 2017 ਨੂੰ **ਸ੍ਰੀ ਅਨੀਸ਼ ਕੋਹਲੀ,** ਵਿੰਗ ਕਮਾਂਡਰ ਏਅਰ ਫੋਰਸ ਦਾ ਵਿਦਿਆਰਥੀਆਂ ਨਾਲ **Career Opportunities in Air Force** ਵਿਸ਼ੇ 'ਤੇ ਵਿਚਾਰ ਵਟਾਂਦਰਾ ਕਰਵਾਇਆ ਗਿਆ।

ਮਿਤੀ 8 ਫਰਵਰੀ, 2018 ਨੂੰ ਬੀ.ਵਾਕ.ਐਡਵਾਂਸ ਡਿਪਲੋਮਾ ਇਨ ਆਟੋ ਇਲੈਕਟ੍ਰੀਕਲ ਐਂਡ ਇਲੈਕਟ੍ਰਾਨਿਕਸ ਦੇ ਵਿਦਿਆਰਥੀਆਂ ਨੂੰ **Delhi Expo** ਵਿਚ ਭਾਗ ਲੈਣ ਲਈ ਭੇਜਿਆ ਗਿਆ।

ਮਿਤੀ 13 ਫਰਵਰੀ, 2018 ਨੂੰ **ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ** ਦਾ ਐੱਮ.ਕਾਮ. ਭਾਗ ਪਹਿਲਾ ਦੇ ਵਿਦਿਆਰਥੀਆਂ ਨਾਲ **Career Opportunities** ਬਾਰੇ **Dialogue Session** ਆਯੋਜਿਤ ਕੀਤਾ ਗਿਆ ਅਤੇ ਮਿਤੀ 1 ਮਾਰਚ, 2018 ਨੂੰ **ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ** ਦਾ ਐਮ.ਕਾਮ. ਭਾਗ ਦੂਜਾ ਦੇ ਵਿਦਿਆਰਥੀਆਂ ਨਾਲ **Career Opportunities** ਬਾਰੇ **Dialogue Session** ਆਯੋਜਿਤ ਕੀਤਾ ਗਿਆ।

ਮਿਤੀ 16 ਫਰਵਰੀ, 2018 ਨੂੰ ਇਸ ਸੈਂਟਰ ਵੱਲੋਂ ਮਾਣਯੋਗ ਪ੍ਰਧਾਨ ਮੰਤਰੀ ਜੀ ਦੇ ਵਿਦਿਆਰਥੀਆਂ ਨਾਲ ਇਮਤਿਹਾਨਾਂ ਦਾ ਦਬਾਓ ਘਟਾਉਣ ਸਬੰਧੀ ਕੀਤੇ ਗਏ **ਅੰਤਰ ਸੰਵਾਦ** ਦਾ ਸਿੱਧਾ ਪ੍ਰਸਾਰਣ ਦਿਖਾਇਆ ਗਿਆ।

ਸੈਂਟਰ ਅਧੀਨ 41 ਵਿਦਿਆਰਥੀਆਂ ਦੀ ਚੋਣ Codreborn Pvt Ltd., 17 ICICI PrudentiaI, 1Touch Stone, 2 Infosys ਅਤੇ 1 Apple ਕੰਪਨੀਆਂ ਵੱਲੋਂ ਕੀਤੀ ਗਈ।

ਮਿਤੀ 23 ਅਕਤੂਬਰ, 2017 ਤੋਂ 12 ਨਵੰਬਰ, 2017 ਤੱਕ ਸੈਂਟਰ ਵੱਲੋਂ ਫਿਜ਼ਿਕਸ ਵਿਸ਼ੇ ਦੇ ਵਿਦਿਆਰਥੀਆਂ ਲਈ **ਨੈੱਟ ਫਿਜ਼ੀਕਲ ਕੋਚਿੰਗ ਕਲਾਸਾਂ** ਦਾ ਆਯੋਜਨ ਕੀਤਾ ਗਿਆ

## 51. ਬਰੇਵ ਹਾਰਟਸ ਕਲੱਬ:

ਅੰਗਰੇਜ਼ੀ ਵਿਭਾਗ ਦੇ ਮੁਖੀ **ਡਾ. ਦੀਪਇੰਦਰਜੀਤ ਰੰਧਾਵਾ** ਦੀ ਯੋਗ ਅਗਵਾਈ ਅਤੇ ਕਲੱਬ ਦੇ ਕਨਵੀਨਰ **ਪ੍ਰੋ. ਜਸਪ੍ਰੀਤ ਕੌਰ** ਅਧੀਨ ਚੱਲ ਰਹੇ ਬਰੇਵ ਹਾਰਟਸ ਕਲੱਬ ਵੱਲੋਂ ਮਿਤੀ 4 ਸਤੰਬਰ, 2017 ਨੂੰ ਕਲੱਬ ਦੇ **ਅਹੁਦੇਦਾਰਾਂ** ਦੀ ਚੋਣ ਕੀਤੀ ਗਈ। ਇਨ੍ਹਾਂ ਅਹੁਦੇਦਾਰਾਂ ਵੱਲੋਂ **ਖੁਸ਼ੀ ਵੰਡੋ** ਵਿਸ਼ੇ ਦੇ ਅਧੀਨ ਮਿਤੀ 17 ਅਕਤੂਬਰ, 2017 ਨੂੰ ਕਾਲਜ ਦੇ ਸਮੂਹ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ ਦੇ ਸਹਿਯੋਗ ਨਾਲ ਦੀਵਾਲੀ ਦੇ ਸ਼ੁੱਭ ਅਵਸਰ 'ਤੇ ਕਾਲਜ ਦੇ ਚੌਥਾ ਦਰਜਾ ਕਰਮਚਾਰੀਆਂ ਨੂੰ **ਕੰਬਲ ਵੰਡ** ਕੇ ਖੁਸ਼ੀ ਸਾਂਝੀ ਕੀਤੀ ਗਈ। ਇਸੇ **ਖੁਸ਼ੀ ਵੰਡੋ** ਵਿਸ਼ੇ ਤਹਿਤ ਇਸ ਕਲੱਬ ਦੇ ਅਹੁਦੇਦਾਰਾਂ ਵੱਲੋਂ ਮਾਰਚ, 2017 ਵਿੱਚ ਵਾਤਾਵਰਨ ਨੂੰ ਖ਼ੂਬਸੂਰਤ ਅਤੇ ਪ੍ਰਦੂਸ਼ਣ ਰਹਿਤ ਬਣਾਉਣ ਲਈ ਕਾਲਜ ਦੇ ਵੱਖ ਵੱਖ ਹਿੱਸਿਆਂ ਵਿੱਚ **ਨਵੇਂ ਪੌਦਿਆਂ ਵਾਲੇ ਗਮਲੇ** ਰੱਖੇ ਗਏ।

## 52. ਜ਼ੁਆਲੋਜੀਕਲ ਸੁਸਾਇਟੀ:

**ਪ੍ਰੋਫੈਸਰ ਇਮਤਿਆਜ਼ਾ** ਦੀ ਦੇਖ ਰੇਖ ਹੇਠ ਚੱਲ ਰਹੀ ਜ਼ੁਆਲੋਜੀਕਲ ਸੁਸਾਇਟੀ ਵੱਲੋਂ ਮਿਤੀ 21 ਨਵੰਬਰ, 2017 ਨੂੰ ਬੀ.ਐਸਸੀ. ਮੈਡੀਕਲ ਭਾਗ ਪਹਿਲਾ ਦੇ ਵਿਦਿਆਰਥੀਆਂ ਦੀ **ਛੱਤਬੀੜ ਚਿੜੀਆ ਘਰ** ਦੀ ਵਿਜ਼ਟ ਕਰਵਾਈ ਗਈ।

ਮਿਤੀ 21 ਮਾਰਚ, 2018 ਨੂੰ ਇਸ ਸੁਸਾਇਟੀ ਵੱਲੋਂ ਬੀ.ਐਸਸੀ. ਮੈਡੀਕਲ ਦੇ ਵਿਦਿਆਰਥੀਆਂ ਦਾ **ਜੈਵਿਕ ਅਜਾਇਬ ਘਰ (Fossil Museum), ਪੰਜਾਬੀ ਯੂਨੀਵਰਸਿਟੀ, ਪਟਿਆਲਾ** ਦਾ ਵਿੱਦਿਅਕ ਦੌਰਾ

ਕਰਵਾਇਆ ਗਿਆ। ਇਸ ਸੁਸਾਇਟੀ ਵੱਲੋਂ **ਮਧੂ ਮੱਖੀ ਪਾਲਣ ਦਾ ਕੰਮ ਕੈਂਪਸ ਫ਼ਾਰ ਰਿਸਰਚ ਐਂਡ ਐਡਵਾਂਸਡ ਸਟੱਡੀਜ਼ ਧਬਲਾਨ** ਵਿਖੇ ਕੀਤਾ ਜਾਂਦਾ ਹੈ

**53. ਬੋਟੈਨੀਕਲ ਸੁਸਾਇਟੀ:**

ਕਾਲਜ ਦੀ ਬੋਟੈਨੀਕਲ ਸੋਸਾਇਟੀ ਵੱਲੋਂ ਮਿਤੀ 31 ਮਈ, 2017 ਨੂੰ **ਨੈਸ਼ਨਲ ਬਾਇਓਡਾਈਵਰਸਿਟੀ ਅਥਾਰਟੀ ਭਾਰਤ ਸਰਕਾਰ** ਵਲੋਂ ਸਪਾਂਸਰਡ ਅਤੇ **ਪੰਜਾਬ ਬਾਇਓ ਡਾਇਵਰਸਿਟੀ ਬੋਰਡ** ਦੇ ਸਹਿਯੋਗ ਨਾਲ **ਅੰਤਰਰਾਸ਼ਟਰੀ ਬਾਇਓਲੋਜੀਕਲ ਡਾਈਵਰਸਿਟੀ-2017** ਦੇ ਸਬੰਧ ਵਿੱਚ **ਬਾਇਓਡਾਇਵਰਸਿਟੀ ਅਤੇ ਸਸਟੇਨੇਬਲ ਟੂਰਿਜ਼ਮ** ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ।

ਇਸ ਸੋਸਾਇਟੀ ਵੱਲੋਂ ਮਿਤੀ 4 ਸਤੰਬਰ, 2017 ਨੂੰ **ਪਾਰਥੀਨੀਅਮ ਇਰੈਡੀਕੇਸ਼ਨ ਹਫ਼ਤਾ** ਮਨਾਇਆ ਗਿਆ। ਮਿਤੀ 10 ਸਤੰਬਰ, 2017 ਨੂੰ ਬੋਟੈਨੀਕਲ ਸੋਸਾਇਟੀ ਵੱਲੋਂ ਬੀ.ਐਸਸੀ. ਮੈਡੀਕਲ ਭਾਗ ਤੀਜਾ ਬੀ.ਐਸਸੀ. ਐਗਰੀਕਲਚਰ ਆਨਰਜ਼ ਭਾਗ ਪਹਿਲਾ ਅਤੇ ਐਮ.ਐਸਸੀ. ਐਗਰੋਨੋਮੀ ਭਾਗ ਪਹਿਲਾ ਦੇ ਵਿਦਿਆਰਥੀਆਂ ਦਾ ਇੱਕ ਰੋਜ਼ਾ ਵਿੱਦਿਅਕ ਟੂਰ **ਇੰਡੀਅਨ ਕੌਂਸਲ ਆਫ ਰਿਸਰਚ-ਦ ਡਾਇਰੈਕਟੋਰੇਟ ਆਫ ਮਸ਼ਰੂਮ ਰਿਸਰਚ ਚੰਬਾ ਘਾਟ ਜ਼ਿਲ੍ਹਾ ਸੋਲਨ (ਐਚ.ਪੀ.)** ਲਿਜਾਇਆ ਗਿਆ।

ਮਿਤੀ 10 ਨਵੰਬਰ, 2017 ਨੂੰ ਬੀ.ਐਸਸੀ. ਐਗਰੀਕਲਚਰ ਆਨਰਜ਼ ਭਾਗ ਪਹਿਲਾ ਦੇ ਵਿਦਿਆਰਥੀਆਂ ਦਾ ਇੱਕ ਰੋਜ਼ਾ ਵਿੱਦਿਅਕ ਦੌਰਾ **ਬੋਟੈਨੀਕਲ ਗਾਰਡਨ ਹਾਰਬੇਰੀਅਮ ਮਿਊਜ਼ੀਅਮ** ਤੇ **ਪਲਾਂਟ ਕੰਜ਼ਰਵੇਟਰੀ** ਵਿਖੇ ਕਰਵਾਇਆ ਗਿਆ।

ਮਿਤੀ 11 ਨਵੰਬਰ, 2017 ਨੂੰ ਬੀ.ਐਸਸੀ. ਮੈਡੀਕਲ ਭਾਗ ਪਹਿਲਾ ਦੇ ਵਿਦਿਆਰਥੀਆਂ ਨੂੰ ਪਟਿਆਲਾ ਦੇ ਨਜ਼ਦੀਕੀ ਇਲਾਕਿਆਂ ਵਿੱਚ **ਕ੍ਰੈਪੋਗਮਜ ਬ੍ਰਾਇਓਫਾਈਟਜ਼** ਅਤੇ **ਪਟੈਰੀਡੋਫਾਈਟਜ਼** ਦੇ ਬੂਟਿਆਂ ਦੀ **ਕੁਲੈਕਸ਼ਨ ਕਰਨ ਲਈ** ਲਿਜਾਇਆ ਗਿਆ

**54. ਸੰਗੀਤ ਵਾਦਨ ਵਿਭਾਗ ਦੀਆਂ ਪ੍ਰਾਪਤੀਆਂ**

ਵਿਭਾਗ ਦੇ ਮੁਖੀ **ਡਾ. ਕੁਲਦੀਪ ਕੁਮਾਰ** ਦੀ ਯੋਗ ਅਗਵਾਈ ਅਧੀਨ ਵਿਭਾਗ ਦੁਆਰਾ ਮਿਤੀ 13 ਸਤੰਬਰ, 2017 ਨੂੰ ਲੋਕ ਸਾਜ਼ਾਂ ਦਾ ਮੁਕਾਬਲਾ ਕਰਵਾਇਆ ਗਿਆ। ਮਿਤੀ 12 ਨਵੰਬਰ, 2017 ਨੂੰ ਪੋਸਟ ਗ੍ਰੈਜੂਏਟ ਸੰਗੀਤ ਗਾਇਨ ਵਿਭਾਗ ਦੇ ਸਹਿਯੋਗ ਨਾਲ ਸੁਰਮਈ ਸ਼ਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪੰਜਾਬ ਘਰਾਣੇ ਦੇ ਪ੍ਰਸਿੱਧ ਤਬਲਾ ਵਾਦਕ **ਡਾ. ਜਗਮੋਹਨ ਸ਼ਰਮਾ** ਦੇ ਸ਼ਾਗਿਰਦ ਬਾਲ ਕਲਾਕਾਰ **ਮਾਸਟਰ ਸਿਮਰਨ ਸਿੰਘ, ਮਾਸਟਰ ਜਸਕਰਨ ਸਿੰਘ** ਤੇ **ਮਾਸਟਰ ਗੁਰਬੀਰ ਸਿੰਘ** ਦੀ ਤਬਲਾ ਵਾਦਕ ਜੁਗਲਬੰਦੀ ਦੀ ਪੇਸ਼ਕਾਰੀ ਹੋਈ। ਇਸ ਮੌਕੇ ਬਨਾਰਸ ਤੋਂ **ਡਾ. ਵਰਿੰਦਰ ਨਾਥ ਮਿਸ਼ਰਾ** ਜੀ ਨੇ **ਸਿਤਾਰ ਵਾਦਨ ਪ੍ਰਸਤੁਤੀ** ਕੀਤੀ ਅਤੇ ਤਬਲਾ ਸਾਜ਼ 'ਤੇ ਸੰਗਤ **ਪੰਡਤ ਮਧੁਰੇਸ਼ ਭੱਟ ਜੀ** ਨੇ ਕੀਤੀ ।

**55. ਸਾਲਾਨਾ ਕਨਵੋਕੇਸ਼ਨ**

ਮਿਤੀ 8 ਅਪਰੈਲ, 2017 ਨੂੰ ਕਾਲਜ ਦੀ ਸਾਲਾਨਾ ਕਨਵੋਕੇਸ਼ਨ ਕਰਵਾਈ ਗਈ। ਇਸ ਕਨਵੋਕੇਸ਼ਨ ਦੌਰਾਨ ਵੱਖ ਵੱਖ ਵਿਭਾਗਾਂ ਦੇ 992 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ

**56. ਲਾਇਬ੍ਰੇਰੀ:**

ਇਸ ਸੈਸ਼ਨ ਦੌਰਾਨ ਲਾਇਬ੍ਰੇਰੀ ਵਾਸਤੇ 3,80,000/- ਰੁਪਏ ਦੀਆਂ **1130 ਨਵੀਆਂ ਕਿਤਾਬਾਂ ਖਰੀਦੀਆਂ** ਗਈਆਂ। ਜਿਸ ਨਾਲ ਲਾਇਬ੍ਰੇਰੀ ਵਿੱਚ ਕਿਤਾਬਾਂ ਦੀ ਕੁੱਲ ਗਿਣਤੀ **38845** ਹੋ ਗਈ ਹੈ। ਕਾਲਜ ਵਿਦਿਆਰਥੀਆਂ, ਅਧਿਆਪਨ ਅਤੇ ਗੈਰ ਅਧਿਆਪਨ ਅਮਲੇ ਨੂੰ ਹੁਣ ਤੱਕ ਮਿਤੀ 21-3-2018 ਤੱਕ 13436 ਕਿਤਾਬਾਂ ਇਸ਼ੂ ਕੀਤੀਆਂ ਗਈਆਂ। ਪੀ.ਟੀ.ਏ. ਫੰਡ ਵਿੱਚੋਂ ਕਾਲਜ ਦੇ ਹੋਣਹਾਰ ਅਤੇ ਲੋੜਵੰਦ 98 ਵਿਦਿਆਰਥੀਆਂ ਨੂੰ ਪੂਰੇ ਸੈਸ਼ਨ ਲਈ 62000/- ਰੁਪਏ ਦੀਆਂ ਕਿਤਾਬਾਂ ਮੁਫ਼ਤ ਦਿੱਤੀਆਂ ਗਈਆਂ। ਲਾਇਬ੍ਰੇਰੀ ਵਿੱਚ ਵੱਖ-ਵੱਖ ਵਿਭਾਗਾਂ ਨਾਲ ਸਬੰਧਿਤ **72 ਜਨਰਲ** ਅਤੇ **ਮੈਗਜ਼ੀਨ ਲਗਵਾਏ ਗਏ** ਹਨ। ਇਸ ਸਮੇਂ ਲਾਇਬ੍ਰੇਰੀ ਵਿੱਚ ਅੰਗਰੇਜ਼ੀ, ਹਿੰਦੀ, ਪੰਜਾਬੀ ਭਾਸ਼ਾਵਾਂ ਦੇ **22 ਅਖ਼ਬਾਰ** ਆ ਰਹੇ ਹਨ।

ਕਾਲਜ ਲਾਇਬ੍ਰੇਰੀ ਵਿੱਚ 3 ਈ-ਰਿਸੋਰਸਜ਼ ਐਨ-ਲਿਸਟ (5750/-), ਜੇ-ਗੇਟ (70800/-), ਡੈਲਨੈੱਟ(13570/-) ਲਏ ਗਏ ਹਨ। ਇਨ੍ਹਾਂ ਈ-ਰਿਸੋਰਸਜ਼ ਰਾਹੀਂ ਬਹੁਤ ਜ਼ਿਆਦਾ ਗਿਣਤੀ ਵਿੱਚ ਈ- ਜਰਨਲਜ਼ ਅਤੇ ਈ -ਕਿਤਾਬਾਂ ਆਨਲਾਈਨ ਦੇਖ ਸਕਦੇ ਹਾਂ ।

ਲਾਇਬ੍ਰੇਰੀ ਦੇ ਕੰਮਾਂ ਨੂੰ ਵਧੀਆ ਤਰੀਕੇ ਅਤੇ ਤੇਜ਼ੀ ਨਾਲ ਕਰਨ ਲਈ ਲਾਇਬ੍ਰੇਰੀ ਨੂੰ ਆਟੋਮੇਟ ਕੀਤਾ ਗਿਆ। ਕਾਲਜ ਲਾਇਬ੍ਰੇਰੀ ਦਾ ਰਿਕਾਰਡ ਸਰਚ ਕਰਨ ਵਾਸਤੇ ਲਾਇਬ੍ਰੇਰੀ ਓ.ਪੀ.ਏ.ਸੀ. ਨੂੰ ਕਾਲਜ ਦੀ ਵੈੱਬਸਾਈਟ ਨਾਲ ਜੋੜ ਕੇ ਵੈੱਬ ਓ.ਪੀ.ਏ.ਸੀ. ਬਣਾਇਆ ਗਿਆ ਹੈ ਤਾਂ ਜੋ ਕੋਈ ਵੀ ਪਾਠਕ ਸੰਸਾਰ ਦੇ ਕਿਸੇ ਵੀ ਹਿੱਸੇ ਵਿੱਚ ਬੈਠ ਕੇ ਲਾਇਬ੍ਰੇਰੀ ਰਿਕਾਰਡ ਸਰਚ ਕਰ ਸਕੇ। ਕਾਲਜ ਦੀ ਲਾਇਬ੍ਰੇਰੀ ਅਜਿਹੀ ਪਹਿਲੀ ਲਾਇਬ੍ਰੇਰੀ ਹੈ ਜਿੱਥੇ ਇਹ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਸੈਸ਼ਨ ਵਿੱਚ 7 ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੇ ਕੰਮਾਂ ਦੀ ਟ੍ਰੇਨਿੰਗ ਦਿੱਤੀ ਗਈ ।

**57. ਕਾਲਜ ਮੈਗਜ਼ੀਨ 'ਨਵੀਆਂ ਪੈੜਾਂ'**

ਵਿਦਿਆਰਥੀਆਂ ਅੰਦਰ ਲੁਕੀ ਸਾਹਿਤਕ ਪ੍ਰਤਿਭਾ ਨੂੰ ਉਭਾਰਨ, ਨਿਖਾਰਨ ਅਤੇ ਉਨ੍ਹਾਂ ਨੂੰ ਸਾਰੇ ਕਾਲਜ ਵਿੱਚ ਹੋਈਆਂ ਗਤੀਵਿਧੀਆਂ, ਸਰਗਰਮੀਆਂ ਅਤੇ ਕਾਲਜ ਦੀਆਂ ਪ੍ਰਾਪਤੀਆਂ ਸਬੰਧੀ ਜਾਣਕਾਰੀ ਪ੍ਰਦਾਨ ਕਰਨ ਲਈ ਕਾਲਜ ਵੱਲੋਂ ਕੱਢੇ ਜਾਂਦੇ ਸਾਲਾਨਾ ਮੈਗਜ਼ੀਨ **ਦਿ ਪਟਿਆਲਾ** ਦਾ ਨਾਮ ਇਸ ਸੈਸ਼ਨ ਦੌਰਾਨ ਬਦਲ ਕੇ **ਨਵੀਆਂ ਪੈੜਾਂ** ਰੱਖਿਆ ਗਿਆ। ਇਸ ਮੈਗਜ਼ੀਨ ਦੇ **ਚੀਫ਼ ਐਡੀਟਰ ਡਾ. ਹਰਵਿੰਦਰ ਕੌਰ** ਅਤੇ **ਡਿਪਟੀ ਚੀਫ਼ ਅਡੀਟਰ ਡਾ. ਪੁਸ਼ਪਿੰਦਰ ਕੌਰ**, ਦੀ ਸੁਚੱਜੀ ਦੇਖ ਰੇਖ ਹੇਠ ਸਾਲ 2017 ਦਾ ਕਾਲਜ ਮੈਗਜ਼ੀਨ **ਨਵੀਆਂ ਪੈੜਾਂ** ਅਪ੍ਰੈਲ, 2018 ਦੌਰਾਨ ਕੱਢਿਆ ਜਾਵੇਗਾ। ਇਸ ਮੈਗਜ਼ੀਨ ਵਿਚ **ਪ੍ਰੋ. ਨਵਦੀਪ ਕੌਰ** (ਅੰਗ੍ਰੇਜ਼ੀ), **ਡਾ. ਸਰਬਜੀਤ ਸਿੰਘ** (ਪੰਜਾਬੀ), **ਡਾ. ਹਰਵਿੰਦਰ ਕੌਰ** (ਹਿੰਦੀ), **ਡਾ. ਨਿਪੁੰਨਜੋਤ ਕੌਰ** (ਸਾਇੰਸ), **ਪ੍ਰੋ. ਕੋਮਲਦੀਪ ਕੌਰ** (ਕਾਮਰਸ), **ਪ੍ਰੋ. ਸਰਬਜੀਤ ਸਿੰਘ** (ਖੇਤੀਬਾੜੀ) ਅਤੇ **ਡਾ. ਮਨਜੋਤ ਕੌਰ** (ਕੰਪਿਊਟਰ) ਸੈਕਸ਼ਨਾਂ ਦੇ ਅਧਿਆਪਕ ਇੰਚਾਰਜ ਵਜੋਂ ਡਿਊਟੀ ਨਿਭਾਉਣਗੇ।